# ਪੰਜ ਇਸ਼ਕ

ਸਿਮਰਤ ਗਗਨ



ਇਸੇ ਕਲਮ ਤੋਂ

ਪੁੰਗਰਦੇ ਹਰਫ (ਸਾਂਝਾ ਕਾਵਿ-ਸੰਗ੍ਰਹਿ)

# ਪੰਜ ਇਸ਼ਕ

ਸਿਮਰਤ ਗਗਨ

ਨਾਨਕ ਸਿੰਘ ਪੁਸਤਕ ਮਾਲਾ

PANJ ISHQ
By Simrat Gagan

©ਲੇਖਿਕਾ

ਸਰਵਰਕ : ਸੁਖਵੰਤ ਸਿੰਘ

ਪਹਿਲੀ ਵਾਰੀ : ਜੁਲਾਈ 1998

ਪ੍ਰਕਾਸ਼ਕ :
ਕੁਲਬੀਰ ਸਿੰਘ ਸੂਰੀ,
ਨਾਨਕ ਸਿੰਘ ਪੁਸਤਕਮਾਲਾ,
5-ਸਿਟੀ ਸੈਂਟਰ,
ਨਜ਼ਦੀਨ ਗੁਰੂ ਨਾਨਕ ਭਵਨ,
ਅੰਮ੍ਰਿਤਸਰ ।

ਛਾਪਕ :
ਲਾਕਟ ਪ੍ਰਿੰਟਰਜ਼,
ਚੌਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ।

ਮੁੱਲ : 55 ਰੁਪਏ

# ਸਮਰਪਣ

ਸਭ ਤੇਰੀਆਂ ਕਹੀਆਂ ਬਾਤਾਂ ਨੂੰ
ਕੁਝ ਕੌੜੇ ਜਹੇ ਹਾਲਾਤਾਂ ਨੂੰ
ਦਿਲ ਵਿਚ ਦੱਬੀਆਂ ਯਾਦਾਂ ਨੂੰ
ਤੇ ਅਣਸੁਣੀਆਂ ਫ਼ਰਿਆਦਾਂ ਨੂੰ
ਕੁਝ ਮੂੰਹ ਜ਼ੋਰ ਜਜ਼ਬਾਤਾਂ ਨੂੰ
ਅਹਿਸਾਸ ਦੀਆਂ ਕਰਾਮਾਤਾਂ ਨੂੰ

ਸਮਰਪਿਤ ਹਾਂ ਮੈਂ
ਮੇਰੇ ਸਮੇਤ
ਆਪਣੀ ਅੱਗ ਵਿਚ
ਪਲ ਪਲ ਬਲਦੇ 'ਸੂਰਜ' ਨੂੰ
ਤੇ ਦਾਗ਼ ਵਾਲੇ 'ਚੰਨ' ਨੂੰ...

"ਦਮ ਇਸ਼ਕ ਫਰੀਦੀ ਕਰੀਏ"

## ਇਕ ਸਾਹ ਜ਼ਿੰਦਗੀ ਲਈ

ਤੇਰੇ ਵੱਲ ਜਾਂਦੀ ਸੜਕ
ਜ਼ਿੰਦਗੀ ਤੋਂ ਲੰਬੀ
ਸਿਖਰ ਦੁਪਹਿਰੇ ਤੁਰਦਿਆਂ
ਦਿਲ ਕੰਬਿਆ, ਰੂਹ ਕੰਬੀ
ਮੈਂ ਕਿੱਡਾ ਪੈਂਡਾ ਝੱਖਣਾ
ਪਰ ਕਿਤੇ ਨਹੀਂ ਰੁੱਕਣਾ
ਤੈਨੂੰ ਦੂਰੋਂ ਤੱਕਣਾ,
ਤੇ ਬੇਚਾਰਗੀਆਂ ਤੇ ਹੱਸਣਾ
ਪੈਰਾਂ 'ਚ ਖ਼ਾਮੋਸ਼ੀ ਲੈ ਕੇ
ਵਾਪਸ ਆ ਜਾਣਾ
ਤੇ ਸੁਫਨਾ ਬਣ ਜਾਣਾ
ਫਿਰ ਪਰਤਣ ਲਈ
ਮੁੜ ਧੜਕਨ ਲਈ
ਹਰ ਵਾਰ ਜਾ ਕੇ ਮੁੜ ਆਵਾਂ
ਨਾ ਸੁਣ ਸਕਾਂ, ਨਾ ਕਹਿ ਪਾਵਾਂ
ਰਸਤਾਂ ਕਿੱਡਾ ਦੁਸ਼ਵਾਰ ਹੈ
ਪਰ ਕੈਸੀ 'ਧੁਨ' ਸਵਾਰ ਹੈ
ਕਿ...
ਸਾਗਰ 'ਚ ਰਹਿ ਕੇ ਸਿੱਪੀ ਵਾਂਗ
ਕਦੇ ਕਦੇ, ਕਤਰਾ ਪੀ ਲੈਣਾ
ਤੇ—
ਅੰਬਰ ਜਿੱਡਾ ਸਫਰ ਕਰਕੇ
ਸਿਰਫ ਇਕ ~~ਸਾਗਰ~~ ਜੀਅ ਲੈਣਾ...
ਸਾਹ

# ਮੈਂ ਬਹੁਤ ਬੀਮਾਰ ਹਾਂ

ਤੂੰ ਮੈਨੂੰ ਅਕਸਰ ਬੜੀ ਬੇਯਕੀਨੀ ਨਾਲ ਕਿਹਾ
ਕਿ 'ਮੈਨੂੰ ਤੇਰੇ ਤੇ ਰੱਬ ਵਰਗਾ ਯਕੀਨ ਏ'
ਤੇ ਤੇਰੇ ਕੋਲ ਮੈਨੂੰ ਪਲ ਪਲ ਮਾਰਨ ਦੀਆਂ
ਵਿਉਂਤਾਂ ਵੀ ਅਸੀਮ ਨੇ
ਮੇਰੇ ਹੋਠਾਂ ਤੇ ਤੜਪਦੀ ਗੱਲ ਬਾਤ ਹੁਣ
ਤੇਰੇ ਹੁੰਗਾਰੇ ਦੀ ਮੁਥਾਜ ਨਹੀਂ,
ਕਿਉਂ ਕਿ ਤੇਨੂੰ ਅਪਣੇ ਆਪ ਤੋਂ ਸਿਵਾ
ਕਿਸੇ ਦੀ ਵੀ ਸੋਚ ਦਾ ਅਹਿਸਾਸ ਨਹੀਂ,
ਤੇਰੇ ਬੇਤੱਤ ਕਿਆਫ਼ਿਆਂ ਨੇ ਮੇਰੇ ਅੰਦਰੋਂ
ਹਰ ਸੰਬੰਧ ਦੀ ਨਿੱਘੀ ਨੇੜਤਾ ਖੋਹ ਲਈ ਏ
ਮੈਂ ਸਿਰਫ ਤੇਰੀ ਸੰਤੁਸਟੀ ਲਈ ਪਿੱਠ ਉਤੇ
ਇਲਜ਼ਾਮਾਂ ਦੀ ਪੰਡ ਢੋਹ ਲਈ ਏ,
ਤੇ ਇਹ ਵੀ ਸੱਚ ਹੈ ਕਿ, ਤੇਰਾ ਮੇਰੇ ਸਿਵਾ
ਤੇ ਮੇਰਾ ਤੇਰੇ ਸਿਵਾ, ਹੋਰ ਕੋਈ ਨਹੀਂ,
ਇਸੇ ਲਈ ਮੈਨੂੰ ਤੇਰੇ ਐਬਨੌਰਮਲ ਵਤੀਰੇ ਤੋਂ
ਕਦੀ ਚਿੜ ਹੋਈ ਨਹੀਂ,
ਇਹ ਕਦੀ ਨਾ ਸੋਚੀਂ, ਕਿ ਤੇਰੇ ਸੁਭਾਅ ਨੇ
ਮੈਥੋਂ ਜੋ ਜੋ ਖੋਹਿਆ ਏ, ਮੈਨੂੰ ਉਸ ਦੀ ਉਡੀਕ ਏ,
ਪਰ ਹੁਣ ਮੇਰੇ ਦਿਲ ਵਿਚ ਤੇਰੇ ਵਤੀਰੇ ਲਈ
ਸਿਰਫ ਤਰਸ ਤੇ, ਹੈਰਾਨੀ ਸ਼ਰੀਕ ਏ,
ਤੇ ਅੱਜ ਕੱਲ੍ਹ ਮੇਰੇ ਢਿੱਡ ਵਿਚ ਇਕ ਹੁੱਕ ਏ
ਪਤਾ ਨਹੀਂ ਇਹ ਭੁੱਖ ਏ ਯਾਂ ਦੁੱਖ ਏ,
ਪਰ ਮੈਂ ਜ਼ਿਹਨੀ ਤਸ਼ੱਦਦ ਦਾ ਸ਼ਿਕਾਰ ਹਾਂ
ਮੈਂ ਬਹੁਤ ਬੀਮਾਰ ਹਾਂ...

## ਤੀਰਥ

ਅੱਜ ਮੈਂ ਹਰ ਉਸ ਜਗ੍ਹਾ ਤੇ, ਤਨਹਾ ਗਈ ਹਾਂ
ਜਿਥੇ ਜਿਥੇ ਕਦੀ ਤੂੰ ਮੇਰੇ ਨਾਲ
ਕਦਮ ਨਾਲ ਕਦਮ ਮਿਲਾ ਕੇ
ਦੂਰੀਆਂ ਨਾਪੀਆਂ ਸੀ
ਮੇਰੇ ਲਈ ਉਹ ਸਭ ਥਾਂਵਾਂ, ਹੁਣ ਤੀਰਥ ਨੇ
ਜਿਥੇ ਭਗਵਾਨ ਦੀ ਮੂਰਤੀ ਦੀ ਥਾਂ
ਤੇਰੀ ਯਾਦ ਸਥਾਪਿਤ ਹੈ,
.. ਤੇ ਮੇਰਾ ਕੰਮ ਕੀ ਹੁਣ ?
ਸਿਰਫ ਆਰਾਧਨਾ,
ਤੇ ਮੈਂ... ਬੇਖ਼ਿਆਲੀ ਵਿਚ ਹੀ
ਉਨ੍ਹਾਂ ਸਭ ਥਾਂਵਾਂ ਨੂੰ ਚੁੰਮ ਲਿਆ
ਧੂੜ ਮੱਥੇ ਲਾ ਲਈ, ਸਿੱਜਦਾ ਕਰ ਲਿਆ
ਤੇਰਾ ਮੇਰਾ ਸੰਜੋਗ ਨਹੀਂ
ਅਪਣੇ ਸਿਤਾਰੇ ਨਹੀਂ ਮਿਲਦੇ
ਪਰ ਫਿਰ ਵੀ ਤੇਰੇ ਜ਼ਿਹਨ 'ਚ, ਮੈਂ ਅਪਣਾ ਯਾਦ ਪੱਥਰ
ਲਾ ਦਿੱਤਾ ਹੈ
ਤੇ ਇਹ ਸ਼ਹਿਰ ਹੁਣ ਮੇਰਾ, 'ਮੱਕਾ' ਹੋ ਗਿਆ
ਇਥੇ ਮੈਂ ਤੇਰੀ, ਇਬਾਦਤ ਕੀਤੀ ਹੈ,
ਤੇ ਤੂੰ ਹਰ ਵਾਰ, ਮੰਦਿਰ 'ਚ ਗਊ ਦੀ
ਤੇ ਮਸਜਿਦ 'ਚ, ਸੂਰ ਦੀ ਹੱਤਿਆ ਕੀਤੀ ਹੈ,
ਪਰ ਮੇਰੀ ਖਾਮੋਸ਼ ਉਲਫਤ ਨੇ ਤੈਨੂੰ
ਇਸ ਵਾਰੀ ਫਿਰ ਬਚਾ ਲਿਆ ਹੈ...

## ਯਾਦਗਾਹ

ਜੀਅ ਕਰੇ ਇਸ ਮਕਾਨ ਨੂੰ ਤੈਅ ਕਰਕੇ
ਨਾਲ ਲੈ ਜਾਵਾਂ,
ਅੱਜ...
ਇਥੇ ਕਈ ਬੀਤੇ ਹੋਏ ਪਲ
ਛੱਤ ਤੇ ਸ਼ਟਾਪੂ ਖੇਡਦੇ, ਪੌੜੀਆਂ 'ਚ ਦੌੜਦੇ
ਅੱਖਾਂ ਮਟਕਾਂਦੇ, ਦੰਦੀਆਂ ਕੱਢਦੇ
ਘੋਲ ਕਰਦਿਆਂ, ਖ਼ਤ ਲਿਖਦਿਆਂ
ਏਰੀਅਲ ਸਿੱਧਾ ਕਰਦਿਆਂ, ਰਸੋਈ ਸਾਂਭਦਿਆਂ
ਕਿਤਾਬਾਂ ਦੇ ਪੰਨੇ ਮੋੜਦਿਆਂ, ਗਜ਼ਲਾਂ ਸੁਣਦਿਆਂ
ਲੜਦਿਆਂ, ਰੋਂਦਿਆਂ, ਕੱਪੜੇ ਧੋਂਦਿਆਂ, ਲੀਰਾਂ ਮਾਰਦਿਆਂ
ਸ਼ਰਾਰਤੀ, ਨਾਦਾਨ, ਮੂੰਹ ਫੱਟ ਤੇ ਅੱਲੜ੍ਹ ਜਿਹੇ ਪਲ
ਹੱਸਦੇ ਹੋਠਾਂ ਨਾਲ, ਅੱਖਾਂ ਚੋਂ ਅੱਥਰੂਆਂ
ਵਾਂਗ ਕਿਰ ਰਹੇ ਨੇ...
ਇਸੇ ਘਰ ਛੋਟੀ ਦਾ 'ਕਾਜ' ਰਚਿਆ
ਹੱਡਾਂ 'ਚ ਪਿਆਰ ਰੱਚਿਆ ਤੇ ਮੱਚਿਆ
ਕਲਾਵੇ ਮਾਰਦਿਆਂ, ਬਿਰਹਾਂ ਸਾੜਦਿਆਂ
ਕਿਸਮਤ ਚੁੰਮਦਿਆਂ, ਕਈ ਵਾਰ ਹੱਸੇ
ਕਈ ਵੇਰਾਂ ਰੋਏ...

ਤ੍ਰਬਕ ਤ੍ਰਬਕ ਕੇ 'ਬਗਲੇ ਵਰਗੀਆਂ ਧੌਣਾਂ'
ਉਡੀਕਦੀਆਂ ਨਾ ਥੱਕੀਆਂ, 'ਬੋਟ' ਜਿਹੇ ਦਿਲ ਡਰੇ
'ਸੂਰਤਾਂ ਪਤਝੜ ਦੇ ਪੀਲੇ ਪੱਤਰਾਂ' ਵਾਂਗ ਨੇ
ਪਰ ਫਿਰ ਵੀ ਬਹਾਰ ਉਡੀਕਦੀਆਂ ਨੇ
ਮਾਂ ਦੇ ਹੰਝੂ, ਬਾਪ ਦੀਆਂ ਮੁਸ਼ਕਤਾਂ ਦੇ ਦਿਨ
ਵੀਰ ਦੇ ਗ਼ਮ, ਸਹੇਲੀਆਂ ਦੇ ਕਿੱਸੇ
ਇਥੇ, ਇਸੇ ਘਰੇ ਸਭ ਸਿਖ਼ਰ ਤੇ ਸੀ—
ਸ਼ੀਸ਼ੇ ਅੱਗੇ ਵਾਲ ਵਾਂਹਦਿਆਂ, ਕਈ ਵਾਰ
ਚਿਹਰੇ ਦੀ ਖੁਸ਼ੀ ਤੱਕ ਕੇ, ਸ਼ਰਮਾਂਦਿਆਂ ਤੇ
ਆਪਣਾ ਆਪ ਲੁਕਾਂਦਿਆਂ
ਬੇਬੇ ਦੀਆਂ ਤੇ ਵੀਰੇ ਦੀਆਂ ਝਿੜਕਾਂ ਵੀ ਖਾਧੀਆਂ...
ਰਾਤੀਂ ਛੱਤ ਤੇ ਚੰਨ ਨਾਲ, ਤਾਰਿਆਂ ਦੇ ਝੁੰਡ ਦੇਖਣੇ
ਨਜ਼ਰਾਂ ਦੇ ਨਿੱਘ ਸੇਕਣੇ
ਸਿਆਲ ਦੀਆਂ ਧੁੱਪਾਂ 'ਚ ਹੱਥ ਤੇ ਕੁਝ ਲਿਖ ਕੇ ਮਿਟਾਣਾ
ਗਰਮੀਆਂ 'ਚ ਰੁਮਕਦੀ ਹਵਾ ਨਾਲ
ਐਵੇਂ ਹੀ ਸ਼ੁਦਾਈਆਂ ਵਾਂਗ, ਉਡੀਕੀ ਜਾਣਾ
ਕਿਸੇ ਸਹਿਕਦੀ, ਅਣਮਿੱਥੀ ਆਮਦ ਨੂੰ
ਆਟਾ ਗੁੰਨਦਿਆਂ, ਰੋਟੀ ਪਕਾਂਦਿਆਂ, ਭਾਂਡੇ ਮਾਂਜਦਿਆਂ
ਬਸ ਸੋਚਦੇ ਰਹਿਣਾ, ਆਪੇ ਕੁਝ ਪੁੱਛਣਾ, ਆਪੇ ਕਹਿ ਦੇਣਾ
ਗਾਉਣਾ ਤੇ ਗਾਈ ਜਾਣਾ, ਨਚਣਾ ਤੇ ਨੱਚਦੇ ਰਹਿਣਾ
ਹੋਲੀ ਖੇਡਦਿਆਂ ਰੰਗਾਂ ਨਾਲ, ਗੱਲਾਂ ਕਰਦਿਆਂ
ਫਿਕਰ ਮੁਲਤਵੀ ਕਰਨੇ
ਲੋਹੜੀ ਬਾਲਦਿਆਂ ਪਲ ਦੋ ਪਲ ਲਈ
ਗ਼ਮ ਵੀ ਬਾਲ ਦੇਣੇ
ਕਰਵਾ ਚੌਥ ਨੂੰ 'ਕਲਿਪ' ਲਾ ਕੇ ਵਾਲ ਸੰਭਾਲ ਦਿਆਂ
ਤੇ ਦੀਵਾਲੀ 'ਚ ਹਰ ਦੀਵੇ ਨਾਲ, ਯਾਦਾਂ ਜਗਾਦਿਆਂ

ਨਿਸ਼ਾਨੀਆਂ ਚੁੰਮਦਿਆਂ, ਧੜਕਨਾ ਇਕ ਸੁਰ ਹੋਈਆਂ...
ਮੈਂ ਸਮਾਨ ਹੁਣੇ ਬੰਨ੍ਹਿਆ ਹੈ, ਯਾਦਾਂ ਸਾਂਭੀਆਂ ਨੇ
ਦਿਲ ਦੇ ਸੰਦੂਕ 'ਚ, ਜ਼ਹਿਨ ਦੀ ਅਲਮਾਰੀ 'ਚ
ਕੁਝ ਹੰਢਾਈਆਂ ਉਡੀਕਾਂ, ਮੋਢੇ ਤੇ ਨਿੱਕੀਆਂ ਨਿੱਕੀਆਂ
ਮਿਲਣੀਆਂ ਦੇ ਮੈਡਲ ਲਾ ਕੇ ਖਲੋਤੀਆਂ ਨੇ,
ਫਿਰ ਮੇਰੇ ਨਾਲ ਜਾਣ ਲਈ ਤੇ,
ਮਰਦੇ ਦਮ ਤੱਕ ਮੇਰਾ ਸਾਥ ਨਿਭਾਣ ਲਈ...
ਪਰ ਮੈਂ ਜੋ ਸੋਚਾਂ, ਮਹਿਸੂਸ ਕਰਾਂ
ਉਹ ਮੇਰੇ ਨਾਲ ਕੌਣ ਵੰਡਾਵੇ
ਚੱਲ ਜਿੰਦੇ, ਮੇਰੇ ਨਾਲ ਘਰ ਦਾ ਕੋਨਾ ਕੋਨਾ
ਅੱਜ ਜਾਂਦੀ ਵਾਰ ਮੇਰਾ ਹੱਥ ਫੜ ਕੇ ਵੇਖ,
ਅਸੀਂ ਇਸੇ ਘਰੇ, ਕਈ ਖ਼ਾਬ ਵੇਖੇ ਸਨ
ਹਰ ਇਕ ਦੀ ਜ਼ਿੰਦਗੀ ਲਈ
ਵਾਅਦੇ ਕੀਤੇ ਸਨ, ਅਹਿਸਾਸ ਦੀ ਬੰਦਗੀ ਲਈ
ਇਹ ਘਰ ਮੱਕਾ, ਮੁਹਬੱਤਾਂ ਦੀ ਯਾਦਗਾਹ
ਕਦੇ ਕਦੇ ਇਥੇ, 'ਜ਼ਿਆਰਤ' ਕਰਨ ਆਇਆ ਕਰਾਂਗੇ
ਐ 'ਯਾਦਾਂ ਦੇ ਘਰ', ਅਲਵਿਦਾ !

## ਰਿਸ਼ਤੇ ਨੇ ਜਾਂ ਖਿਡੌਣੇ ..?

ਜਿਸ ਨੇ ਜੋ ਜੋ ਵੀ ਕਹਿਣਾ ਸੀ
ਕਹਿ ਗਿਆ
ਤੇਰਾ ਤੇ ਮੇਰਾ ਹੁਣ ਸਿਰਫ
ਦਰਦ ਦਾ ਰਿਸ਼ਤਾ ਰਹਿ ਗਿਆ
ਜ਼ਿੰਦਗੀ ਤੋਂ ਪੱਲਾ ਛੁੜਾ
ਕਜ਼ਾ ਲੱਭਾਂ
ਅਪਣੇ ਪਰਛਾਵੇਂ ਤੋਂ ਡਰਾਂ
ਹਨ੍ਹੇਰਿਆਂ 'ਚ ਵੜਾਂ
ਹੁਣ ਇਸ ਤੋਂ ਵਧ ਕੀ ਹੋ ਜਾਵੇਗਾ ?
ਬੇਗੁਨਾਹੀ ਦੀ ਸਜ਼ਾ, ਇੰਨੀ ਕੁ ਪਾਈ
ਕਿ ਹੁਣ ਮੈਨੂੰ ਸਾਰੇ ਪਿਆਰ ਤੇ
ਸਾਰੇ ਪੁੰਨ, ਗੁਨਾਹ ਲਗਦੇ ਨੇ
ਦਿਓ ਮੈਨੂੰ ਨਫਰਤ, ਕੁਰਖ਼ਤੀ
ਖੰਜਰ, ਬੇਹਯਾਈ, ਸਭ ਦਿਓ
ਮੈਥੋਂ ਮੇਰੇ ਅੰਦਰ ਡਿੱਗਦੇ ਅਸ਼ਕ
ਜਰੇ ਨਹੀਂ ਜਾਂਦੇ

ਤੂੰ ਵੀ, ਉਨ੍ਹੇ ਵੀ ਤੇ ਇਨ੍ਹੇ ਵੀ
ਸਭ ਨੇ ਆਪਣੀ, ਅੱਗ ਉੱਗਲੀ ਹੈ
ਤੇ ਜਿੰਦ ਸਿਰਫ਼, ਮੇਰੀ ਪਿਘਲੀ ਹੈ
ਫਿਰ ਵੀ ਮੈਂ ਬੇਵੱਸ
ਬਰਫ਼ਾਂ 'ਚ ਫੁੱਲ ਕਿਵੇਂ ਖਿੜਾਂਵਾਂ
ਕਿਉਂ,...ਸਭ ਤੋਂ ਵਂਝਿਆ ਹੋ ਜਾਵਾਂ
ਤੂੰ ਨਹੀਂ ਉਹ
ਉਹ ਨਹੀਂ ਇਹ
ਰਿਸ਼ਤੇ ਨੇ ਜਾਂ ਦੁਕਾਨ ਤੇ ਸਜੇ
ਖਿਡੌਣੇ...?

## ਛਲ੍ਹ

ਤੇਰੇ ਭਾਣੇ ਤਾਂ
ਦਿਲਾਸੇ, ਤੇ ਦਲੀਲ ਦੇਣੀ
ਬਹੁਤ ਸੌਖੀ ਏ,
ਪਰ ਕਿਸੇ ਦੀ ਜੂਨ ਹੰਢਾਉਣੀ
ਡਾਢੀ ਔਖੀ ਏ,
ਪਰ ਮੈਂ ਤਾਂ
ਅੰਮੀ, ਬਾਪੂ, ਭੈਣ, ਵੀਰ
ਤੇਰੀ ਤੇ ਸਭ ਦੀ ਜੂਨ ਹੰਢਾਵਾਂ,
ਹਾਦਸੇ, ਫਰੇਬ, ਤੇ ਜ਼ਖ਼ਮਾਂ ਨੂੰ
ਆਪਣੇ ਮੌਢਿਆਂ ਤੇ
ਮੈਡਲ ਵਾਂਗ ਸਜਾਵਾਂ
ਹਕੀਕਤਾਂ ਹੰਢਾਏ ਬਗੈਰ ਵੀ,
ਕਿਤੇ ਖ਼ਾਬ ਬੰਨ੍ਹੇ ਜਾਂਦੇ ਨੇ,
ਉਂਵ ਤਾਂ ਰੋਜ਼ ਨਫ਼ਰਤ ਦੀਆਂ
ਦੇਗਾਂ 'ਚ
ਪਿਆਰ ਰਿੰਨ੍ਹੇ ਜਾਂਦੇ ਨੇ
ਪਰ ਇਹ ਸਾਰੀ, ਜਜ਼ਬੇ ਦੀ ਗੱਲ ਹੈ
ਅਹਿਸਾਸ ਤਾਂ ਨਿਰ੍ਹਾ
ਛਲ੍ਹ ਹੈ ।

# ਵਿਚਾਰੇ ਜਹੇ ਦਿਮਾਗ਼

ਵਿਚਾਰੇ ਜਹੇ ਦਿਮਾਗ਼ਾਂ ਦੀਆਂ ਲਿਬੜੀਆਂ ਸੋਚਾਂ
ਬੇਵਜਹ ਵਹਿਮ ਵਿਚ,
ਦਿਲ ਬਣ ਕੇ ਧੜਕ ਦੀਆਂ ਨੇ,
'ਦੁਆ' ਵਿਚ ਵੀ ਖ਼ੌਫ ਰਲ ਗਿਆ ਏ,
ਸੁਜਾਖੇ ਅਹਿਸਾਸ ਨੇ ਰੋ ਰੋ ਕੇ ਆਪਣੀਆਂ ਅੱਖਾਂ
ਗੁਆ ਲਈਆਂ ਨੇ,
ਕਿਉਂਕਿ ਉਹ ਨਾਬੀਨਾ ਨਹੀਂ ਸੀ,
ਅੱਜ ਰਿਸ਼ਤਿਆਂ ਨੂੰ ਸਿਰਫ
ਬਦਦੁਆ ਦੀ ਭਾਸ਼ਾ ਆਉਂਦੀ ਏ,
ਜਿਸ ਦੀ ਲਿਪੀ ਏ 'ਨਫਰਤ', ਹਰ ਚਿਹਰੇ ਤੇ ਨਕਾਬ ਏ
ਕੁੜਿਤਨਾਂ ਦੇ ਮੂੰਹ ਜ਼ੋਰ ਉਬਾਲੇ ਮਾਰਦੇ ਜ਼ਮੀਰਾਂ ਨੇ
ਅਭਿਮਾਨ ਦਾ ਜ਼ਰ੍ਹਾ ਬਖ਼ਤਰ ਪਾਇਆ ਹੋਇਆ ਏ
ਜੋ ਗੁਮਾਨ ਤੇ ਇਮਕਾਨ ਦੀ ਧਰਾਤਲ ਉਤੇ
ਜੰਗ ਦਾ ਮੈਦਾਨ ਬਣਾ ਕੇ, ਆਪਣੇ ਆਪ ਨਾਲ ਲੜਦੇ ਨੇ
ਤੇ ਆਪਣੇ ਆਪ ਨੂੰ ਵੱਢਦੇ ਨੇ
ਗਾਲ੍ਹਾਂ ਵਰਗੇ ਮੁਕਾਲਮੇ, ਯਕੀਨ ਨੂੰ ਜ਼ਲੀਲ ਕਰ ਰਹੇ ਨੇ
ਤੇ ਸ਼ੱਕ ਦੀ ਪੁਖ਼ਤਗੀ, ਅਹਿਸਾਸ ਦੇ 'ਸੱਚ' ਨੂੰ
ਗੰਦਾ ਕਰ ਰਹੀ ਏ,
'ਹੁਸੜੀਆਂ ਰੂਹਾਂ' ਸਕੂਨ ਭਾਲਦੀਆਂ ਨੇ
ਜਿਵੇਂ ਸੁੱਕੇ ਬੁੱਲ੍ਹਾਂ ਤੇ ਜੀਭ ਫੇਰ ਕੇ
ਸਹਿਰਾ ਦੀ ਸੜਦੀ ਰੇਤ ਉਤੇ
ਛਿੱਲੇ ਹੋਏ ਗੋਡੇ ਮੂਧੇ ਮਾਰ ਕੇ ਮੰਗੀ
'ਆਬ' ਲਈ ਦੁਆ,
ਜੋ ਮੌਤ ਬਣ ਕੇ ਪੂਰੀ ਹੋਵੇਗੀ।

## ਖਾਮੋਸ਼ੀ ਤੇ ਯਾਦਾਂ

ਚੁੱਪ ਦੇ ਜੰਗਲ 'ਚ,
ਖਾਮੋਸ਼ੀ ਦੇ ਦਿਓ ਕੱਦ ਰੁੱਖਾਂ ਤੇ
ਯਾਦਾਂ ਦੇ ਚਮਗਾਦੜ, ਜੰਗਲ ਦੀ ਚੁਪ ਰਾਤ ਨੂੰ
ਚਾਰ ਚੰਨ ਲਾਉਂਦੇ ਨੇ
ਤੇ ਮੈਨੂੰ ਸਹਿਮੇ, ਡਰੇ ਹੋਏ ਜੁਗਨੂੰ ਹੌਲੀ ਹੌਲੀ
ਜਗਾਉਂਦੇ ਨੇ,
ਜੇ ਦਰਦ ਦੀ ਇੰਤਹਾ ਨਾਲ
ਮੈਨੂੰ ਕਦੇ ਨੀਂਦ ਆ ਜਾਵੇ, ਤਾਂ ਪੇਚੀਦਗੀਆਂ ਮੇਰੀਆਂ
ਲਾਵਾਰਿਸ ਹੋ ਕੇ ਤੜਪ ਦੀਆਂ ਨੇ
ਰੇਸ਼ਮੀ ਕਫ਼ਨ ਵਾਲੀਆਂ, ਬੀਤੇ ਪਲਾਂ ਦੀਆਂ ਲਾਸ਼ਾਂ
ਅਜੇ ਵੀ ਧੜਕਦੀਆਂ ਨੇ
ਪਰ ਮੈਂ ਚੁੱਪ ਦੇ ਜੰਗਲ 'ਚ, ਗੁਆਚ ਜਾਵਾਂ
ਅੰਦਰੇ ਅੰਦਰ ਰੌਲਾ ਪਾਵਾਂ
ਗੁਜ਼ਰ ਚੁੱਕੇ ਨਾਦਾਨ, ਬਚਕਾਨੇ, ਮਾਸੂਮ ਤੇ ਆਪ ਹੁਦਰੇ ਜਿ
ਕਹਿਕਹਿਆਂ ਦਾ ਕਿੰਨਾ ਸ਼ੋਰ ਹੈ
ਮਲੂਕ ਤੋਂ ਮਲੂਕ ਯਾਦਾਂ 'ਚ,
ਇੰਨਾ ਜ਼ੋਰ ਹੈ...
ਕਿ ਮੇਰੇ ਅੰਦਰ, ਬਹੁਤ ਨਾਜ਼ੁਕ ਤੇ ਮਹੀਨ-ਰਗਾਂ
ਟੁੱਟਦੀਆਂ ਨੇ...
ਯਾਦਾਂ, ਬੀਤੇ ਹੋਏ ਪਲਾਂ ਦੇ ਭੱਖਦੇ ਅੰਗਿਆਰ
ਚੁੱਕ ਚੁੱਕ ਕੇ
ਮੇਰੀਆਂ ਅੱਖਾਂ ਤੇ ਸੁਟਦੀਆਂ ਨੇ
ਤੇ ਮੇਰੇ ਅੰਦਰ ਬਹੁਤ ਨਾਜ਼ੁਕ ਤੇ ਮਹੀਨ ਰਗਾਂ
ਟੁੱਟਦੀਆਂ ਨੇ...।

# ਮੈਂ ਪੱਥਰ ਖਾਧੇ ਨੇ

ਅੱਜ ਕੱਲ੍ਹ ਰੋਣ ਵਰਗਾ, ਹਾਸਾ ਆਉਂਦਾ ਹੈ
ਮੇਰਾ ਮਾਨਸਿਕ ਸੰਤੁਲਨ ਸ਼ਾਇਦ
ਵਿਗੜ ਗਿਆ ਹੈ ਜਾਂ ਸ਼ਾਇਦ ਕੋਈ ਮੇਰਾ
ਮਰ ਗਿਆ ਹੈ
ਮੈਨੂੰ ਅਪਣੇ ਆਪ ਤੇ ਤਰਸ ਆਉਂਦਾ ਹੈ
ਕਦੇ ਮੈਂ ਬੂਹੇ ਵਿਚ ਅਪਣੀਆਂ ਉਂਗਲਾਂ ਦੇ ਲਵਾਂ
ਕੁਝ ਨਾ ਕਹਾਂ,
ਨਹੀਂ ਮਾਂ - ਮੈਨੂੰ ਤੇ ਸੱਟ ਲੱਗੀ ਹੈ
ਬੜੀ ਪੀੜ ਹੁੰਦੀ ਹੈ
ਕੁਝ ਨਹੀਂ,
ਕੋਈ ਗੱਲ ਨਹੀਂ, ਕੋਈ ਗਿਲਾ ਨਹੀਂ
ਇਕ ਤੇਜ਼ ਜੈੱਟ ਸਿੱਧਾ ਮੇਰੇ
ਸੀਨੇ ਤੇ, ਖੱਬੇ ਪਾਸੇ ਵੱਜ ਗਿਆ ਹੈ
ਵਕਤ ਦੀ ਅਦਾਲਤ ਦੇ ਜੱਜ ਦਾ
ਔਰਡਰ ਔਰਡਰ ਵਾਲਾ ਹਥੌੜਾ
ਬਾਰ ਬਾਰ ਮੇਰੇ ਸਿਰ 'ਚ ਵੱਜਦਾ ਹੈ
ਅਵਾਜ਼ ਨਹੀਂ ਨਿਕਲਦੀ
ਜਿਵੇਂ ਰਗਾਂ 'ਚ ਕਿਸੇ ਨੇ ਗੂਠ ਦਿੱਤਾ ਹੋਵੇ
ਹੱਥਾਂ ਦੀਆਂ ਲਕੀਰਾਂ ਉਤੇ, ਕੀੜੀਆਂ ਤੁਰਦੀਆਂ ਨੇ
ਮੇਰੇ ਮੋਢੇ ਤੇ ਬੋਲੀਆਂ ਨੇ, ਕਿੱਲ੍ਹ ਠੋਕ ਠੋਕ ਕੇ
ਫਰੇਬਾਂ ਦੇ ਮੈਡਲ ਲਾਏ ਨੇ
ਸਿਰ 'ਤੇ ਅੱਗ ਚੁੱਕ, ਮੇਰੇ ਪੈਰ ਬਰਫ਼ ਤੇ ਤੁਰ ਰਹੇ ਨੇ
ਲਗਦਾ ਹੈ...
ਜਿਵੇਂ, ਮੈਂ ਹੁਣੇ ਹੁਣੇ, ਪੱਥਰ ਖਾਧੇ ਨੇ...।

## ਲੋੜ

ਜਦੋਂ ਵੀ ਬੀਤਿਆ ਯਾਦ ਆਵੇ
ਤਾਂ ਮੇਰੇ ਪੋਟੇ ਨੀਲੇ ਤੇ ਹੱਥ ਪੀਲੇ ਹੋ ਜਾਂਦੇ ਨੇ
ਯਾਦਾਂ...
ਜਿਵੇਂ ਤਰਕਾਲਾਂ ਵੇਲੇ ਦੂਰੋਂ
ਅਪਣੇ ਆਹਲ੍ਹਣਿਆਂ ਨੂੰ ਮੁੜਦੇ
ਪੰਛੀਆਂ ਦੀਆਂ ਡਾਰਾਂ...
ਸਿੱਧੀਆਂ, ਮੇਰੀਆਂ ਅੱਖਾਂ 'ਚ ਉਤਰਦੀਆਂ ਨੇ
ਤੇ ਫਿਰ ਮੇਰੇ ਅੰਦਰੋਂ, ਅਵਾਜ਼ ਆਉਂਦੀ ਹੈ
ਜਿਵੇਂ ਰਾਤ ਦੇ ਸੰਨਾਟੇ 'ਚ, ਕਿਸੇ ਨੇ
ਖੂਹ ਵਿਚ ਖਾਲੀ ਬਾਲਟੀ ਸੁੱਟ ਦਿੱਤੀ ਹੋਵੇ
ਫਿਰ ਮੈਂ 'ਰਹਿਰਾਸ' ਵੇਲੇ, ਅਪਣੀਆਂ ਪੀੜਾਂ ਦੀ
ਸੁੱਖ ਮੰਗਾਂ...
ਮੈਨੂੰ ਅਮਰ ਹੋਣ ਲਈ
'ਦਰਦ' ਦੀ ਲੋੜ ਹੈ।

# ਉਹ ਤਾਰੀਖ਼

ਮੈਂ ਉਸ ਤਾਰੀਖ਼ ਨੂੰ ਅਕਸਰ,
ਲਿਖ ਲਿਖ ਕੇ ਸਿੱਜਦੇ ਕੀਤੇ ਨੇ
ਜਿਸ ਤਾਰੀਖ਼ ਵਿਚ ਤੇਰੇ ਵਜੂਦ ਨੇ
ਮੇਰੀ ਹੋਂਦ ਦੇ, ਇਕ ਇਕ ਅਹਿਸਾਸ ਨੂੰ
ਛੂਹ ਲਿਆ ਸੀ
ਮੈਂ ਉਸ ਤੋਂ ਬਾਦ ਕਦੀ ਆਈਨੇ 'ਚ
ਅਪਣੀ ਨਜ਼ਰ ਨਹੀਂ ਦੇਖੀ
ਤੇ ਮੇਰੇ ਧੁਰ ਅੰਦਰ ਤੇਰੀ ਨਜ਼ਰ
ਧੱਸਦੀ ਚਲੀ ਗਈ
ਤੈਨੂੰ ਯਕੀਨ ਸੀ
ਤੇ ਮੈਨੂੰ ਸਾਡੇ 'ਇੱਕ ਹੋਣ' ਤੇ ਸ਼ੱਕ
ਹਾਂ, ਅਸੀਂ ਇੱਕ ਸੀ, ਇੱਕ ਹਾਂ
ਪਰ ਭਵਿੱਖ ਤੇ ਸਾਡੀ ਹਕੂਮਤ,
ਨਹੀਂ ਹੋਣੀ
ਅਹਿਸਾਸਾਂ ਦੇ ਇਕ ਇਕ ਪੰਨੇ ਤੇ
ਤੇਰੀ ਯਾਦ ਦੇ ਦਸਤਖ਼ਤ ਨੇ
ਅਸੀਂ ਇਕੱਠਿਆਂ ਬਹਿ ਕੇ ਕਦੀ,

ਜ਼ਿੰਦਗੀ ਦੀ ਕਿਤਾਬ ਨਾ ਖੋਲ੍ਹੀ
ਪਰ ਹੁਣ ਤੇਰੇ ਬਿਨਾ, ਮੇਰੀ ਕਿਤਾਬ ਨੂੰ
ਸਮਾਜ ਦਾ ਘੁਣ ਖਾ ਜਾਵੇਗਾ
ਜਿਸ ਦਿਨ ਤੇਰਾ ਪਰਤਣਾ ਹੋਵੇ
ਮੈਨੂੰ ਉਸ ਦਿਨ ਦੀ ਉਡੀਕ ਹੈ
ਤੇ ਫਿਰ ਮੈਨੂੰ ਤੂੰ ਦੱਸੀਂ
ਅਸੀਂ ਜੁਦਾ ਕਦੋਂ ਹੋਏ ਸੀ
ਉਹ ਕਿਹੜੀ ਤਾਰੀਖ਼ ਸੀ ?

## ਸਲੀਕਾ

ਬੜਾ ਸਲੀਕਾ ਤੇ ਜ਼ਬਤ ਏ
ਮੇਰੀ ਮੁਹਬੱਤ 'ਚ
ਕਿ ਬੇਕਾਬੂ ਹੋਏ ਮੇਰੇ ਕਦਮ
ਤੇਰੀਆਂ ਬਰੂਹਾਂ ਤੱਕ ਅਪੜ ਕੇ
ਕਾਬੂ ਹੋ ਜਾਂਦੇ ਨੇ,
ਤੇ ਫਿਰ ਉਸੇ ਪਲ,
ਮਣਾਂ ਮੂੰਹੀਂ ਭਾਰ ਚੁੱਕੀ
ਮੇਰੇ ਕਦਮ, ਨਿੰਮੋਝੂਣੇ ਸਰੀਰ ਨੂੰ
ਬਦੋ ਬਦੀ ਧੂਹ ਲਿਆਂਦੇ ਨੇ,
ਬਿਨਾਂ ਕੋਈ ਖੜਾਕ ਕੀਤਿਆਂ...।

# ਮੈਂ ਹਮੇਸ਼ਾ ਹਾਜ਼ਿਰ ਹਾਂ

ਰਿਸ਼ਤੇ ਤਾਂ ਬਹੁਤ ਨੇ, ਮੇਰੇ ਕੋਲ
ਤੈਨੂੰ ਮੁਖ਼ਾਤਿਬ ਹੋਣ ਲਈ
ਕਿਉਂ ਜੋ ਮੇਰੀਆਂ ਅਹਿਸਾਸੀ ਲੋੜਾਂ ਦੀ
ਲੰਬੀ ਕਤਾਰ ਦੇ ਸਭ ਤੋਂ ਮੂਹਰੇ ਤੂੰ ਏਂ,
ਬਾਕੀ ਦੋਸਤਾ !
ਤੇਰੀ ਮਮਟੀ 'ਚ ਦੀਵਾ ਬਲੇ
ਲੱਖਾਂ ਵਰ੍ਹੇ......
ਯਕੀਨ ਤਾਂ ਨਹੀਂ, ਆਸ ਹੀ ਏ
ਕਿ ਕਦੇ ਉਹ ਵੇਲਾ ਆਵੇਗਾ
ਜਦੋਂ ਜੱਗ ਵੀ ਤੇਰੇ ਵਾਂਗ,
ਮੇਰੀ ਸੋਚ ਦੇ ਹਾਣ ਦਾ ਹੋ ਜਾਵੇਗਾ,
ਤੇ ਕਲਮ ਦੀ ਦਲੇਰੀ ਨੇ ਮੈਥੋਂ
ਜੋ ਡਰਪੋਕ ਤਹਿਰੀਰਾਂ ਲਿਖਵਾਈਆਂ
ਉਹ ਤੈਨੂੰ ਭਲਕੇ ਮਿਲਿਆ ਕਰਨਗੀਆਂ
ਬੇਖ਼ੌਫ, ਬਰੰਗ, ਬੇਨਾਮ ਤੇ ਇਨਕਲਾਬੀ ਖ਼ਤਾਂ ਵਾਂਗ,
ਉਂਞ ਤਾਂ 'ਮੇਰੇ ਯਕੀਨ' ਕਰਕੇ
ਤੈਨੂੰ ਮੇਰਾ ਬਹੁਤਾ ਫਿਕਰ ਨਹੀਂ
ਪਰ ਕਦੀ ਕਦੀ ਤੇਰੇ 'ਘਬਰਾਂਦੇ ਤੇ ਕੰਬਦੇ' ਚੇਤੇ ਲਈ
ਮੈਂ ਹਮੇਸ਼ਾ ਹਾਜ਼ਿਰ ਹਾਂ—

# ਇਕ ਬਜ਼ੁਰਗ ਔਰਤ

ਮੇਰੇ ਘਰ ਦੇ ਕੋਲ ਰਹਿੰਦੀ
ਇਕ ਬਜ਼ੁਰਗ ਔਰਤ
ਜੋ ਅਪਣੇ ਦੰਦਾਂ ਤੋਂ ਖ਼ਾਲੀ ਮੂੰਹ ਨੂੰ
ਉੱਚਾ ਕਰਕੇ, ਅਸਮਾਨ ਵੱਲ ਤੱਕ ਕੇ ਹੱਸਦੀ ਹੈ,
ਤਾਂ ਉਹ ਮੈਨੂੰ ਬਿਲਕੁਲ ਰਸ਼ੀਅਨ ਕਾਰਟੂਨ ਲੱਗਦੀ ਹੈ,
ਕੋਈ ਵੀ ਗੱਲ ਕਰਨ ਵੇਲੇ, ਉਹਦੇ ਬੋੜੇ ਮੂੰਹ ਵਿਚੋਂ
ਹਵਾ ਨਿਕਲ ਜਾਂਦੀ ਹੈ, ਤਾਂ ਉਸ ਦੀ ਭਾਸ਼ਾ
ਇਟੈਲੀਅਨ ਹੋ ਜਾਂਦੀ ਹੈ,
ਉਹ ਮੇਰੀ ਅਧਖੜ ਮਾਂ ਨੂੰ
ਆਪਣੀ ਜਵਾਨੀ ਦੀਆਂ ਕਹਾਣੀਆਂ ਸੁਣਾਂਦੀ ਹੈ
ਉਹਦਾ ਬਜ਼ੁਰਗ ਤੇ ਸੁੱਕਾ ਜਿਹਾ ਖ਼ਾਵੰਦ, ਉਹਨੂੰ ਪੰਜਾਬੀ 'ਚ
ਮੋਟੀਆਂ ਮੋਟੀਆਂ ਗਾਲ੍ਹਾਂ ਕੱਢਦਾ ਹੈ,
ਤਾਂ ਉਹ ਦੋ ਪਲ ਲਈ, ਚੁੱਪ ਕਰ ਜਾਦੀ ਹੈ
ਰੋਂਦੀ ਹੈ ਤੇ ਫਿਰ ਉੱਚੀ ਉੱਚੀ ਹੱਸਦੀ ਹੈ
ਤੇ ਮੇਰੀ ਮਾਂ ਨੂੰ ਦੱਸਦੀ ਹੈ
ਕਿ ਮੇਰੇ ਖਾਵੰਦ ਨੂੰ ਅਜੇ ਵੀ
ਜਵਾਨ ਹੋਣ ਦਾ ਭੁਲੇਖਾ ਏ
ਇਹ ਰਾਤ ਦਾ ਗੁੱਸਾ, ਮੇਰੇ ਤੇ ਕੱਢਦਾ ਪਿਆ ਏ
ਕਦੀ ਸਾਈਕਲ ਸਾਫ਼ ਕਰਦਾ ਹੈ
ਕਦੀ ਮੇਰੇ ਝਾੜੂ ਨੂੰ ਲੱਤ ਮਾਰ ਰਿਹਾ ਏ
ਪਰ ਮੇਰੇ ਜੋੜਾਂ 'ਚ ਬਹੁਤ ਦਰਦਾਂ ਨੇ,
ਇਹੀ ਤਾਂ ਮੇਰੇ ਗਮਾਂ ਨੂੰ ਜ਼ਰਬਾਂ ਨੇ...

## ਕੁਝ ਤਾਂ ਹੈ

ਕਦੇ ਸਾਥ ਮਿਲਦਾ ਹੈ, ਤੇ ਪਿਆਰ ਨਹੀਂ ਮਿਲਦਾ
ਕਦੇ ਪਿਆਰ ਮਿਲਦਾ ਹੈ, ਤੇ ਸਾਥ ਨਹੀਂ ਮਿਲਦਾ
ਬਸ ਇੰਞ ਹੀ ਹੈ,
ਮੇਰਾ ਹਰ ਦਿਨ ਤੇਰੇ ਸਾਹਵੇਂ. ਆਦਮਕੱਦ ਸ਼ੀਸ਼ੇ ਵਾਂਗ ਖੜਾ
ਪਰ ਤੈਨੂੰ ਆਦਤ ਹੈ, ਇਹਦੇ ਪਿੱਛੇ ਹੀ ਵੇਖਣ ਦੀ
ਇਸ 'ਚ ਕਦੇ ਆਪਣਾ ਅਕਸ ਵੇਖ, ਸਭ ਕੁਝ ਪਾਕ ਹੈ,
ਜਾਂ ਫਿਰ ਮੇਰੀਆਂ ਫਲੀਆਂ ਵਰਗੀਆਂ ਉਂਗਲਾਂ
ਸੱਚਮੁੱਚ ਫਲੀਆਂ ਨੇ...
ਕਿਉਂ ਕਿ ਹਰ ਕੋਈ ਆਪਣੇ ਹੱਥ ਵਿਚ, ਚਾਕੂ ਲਈ ਫਿਰ
ਇੰਨਾ ਨੂੰ ਕੱਟ ਕੇ, ਆਪਣੀ ਰਸੋਈ 'ਚ
ਸਾਲਨ ਦੀ ਮਹਿਕ ਖਿਲਾਰਣ ਲਈ,
ਤੇ ਮੈਨੂੰ ਆਦਤ ਹੈ, ਕਿਸੇ 'ਡਰੱਗ ਐਡਿਕਟ' ਵਾਂਗ
ਭੁਲੇਖੇ ਖਾਣ ਦੀ
ਭੁਲੇਖੇ ਬਗੈਰ ਜੀਣਾ, ਮੇਰੇ ਲਈ ਆਪਣੀ ਖੁੱਲੀ ਕਬਰ ਉਤ
ਖਲਾਅ ਵਿਚ ਲਟਕਣਾ ਹੈ...
ਜਾਂ ਫਿਰ ਮੇਰੇ ਪੈਰਾਂ ਦੀ ਮਿਟੀ, ਕਿਸੇ ਚੁੱਕ ਲਈ ਹੈ
'ਟੂਣਾ' ਕਰਨ ਲਈ,
ਕੂਝ ਤਾਂ ਹੈ...?

## ਅੱਜ ਕੱਲ੍ਹ

ਅੱਜ ਕੱਲ੍ਹ ਮੈਂ ਜਦੋਂ ਵੀ ਆਵਾਂ
ਤੇਰੇ ਘਰ ਦਾ ਮਾਹੌਲ ਕੁਝ ਬੋਝਲ ਜਿਹਾ ਹੋ ਜਾਂਦੈ
ਫਿਜ਼ਾ 'ਚ ਜਿਵੇਂ ਬੇਗਾਨਗੀ ਦੀ ਲਹਿਰ ਦੌੜ ਜਾਂਦੀ ਏ,
ਜੋ ਅਪੱਣਤ ਦੇ ਸਾਰੇ ਅਹਿਸਾਸੀ ਕਲਾਵੇ
ਤੋੜ ਦਿੰਦੀ ਏ,
ਮੈਂ ਸਿਰਫ ਤੇਰੀ ਖ਼ੈਰੀਅਤ ਪੁੱਛਣ ਲਈ
ਬੜਾ ਲੰਮੇਰਾ ਸਫਰ ਕਰਕੇ
ਰੋਮ ਰੋਮ ਵਿਚ ਧੜਕਨ ਧਰ ਕੇ
ਇਕ ਇਕ ਸਾਹ ਵਿਚ, ਚਾਰ ਚਾਰ ਕਦਮ ਭਰ ਕੇ
ਤੇਰੇ ਕੋਲ ਅਪੜਣਾ ਹੁੰਦਾ ਏ,
ਤੇ ਮੇਰਾ ਬੇਲਗਾਮ ਦਿਲ, ਪਤਾ ਨਹੀਂ ਕੀ ਕੀ ਸੋਚ ਬਹਿੰਦਾ ਏ
ਪਰ ਤੇਰੇ ਸਾਰੇ ਜਜ਼ਬਾਤਾਂ ਦਾ ਰਿਮੋਟ
ਤੇਰੀ ਸਹਿਮੀ ਹੋਈ ਖ਼ਾਮੋਸ਼ੀ ਦੇ ਕੰਟਰੋਲ 'ਚ ਹੁੰਦਾ ਏ
ਫਿਰ ਮੈਂ ਆਪਣੀਆਂ ਖ਼ਾਸ ਗੱਲਾਂ ਨੂੰ,
ਆਮ ਗੱਲਾਂ ਦੇ ਜਾਮੇ ਪੁਆ ਕੇ,
ਤੈਨੂੰ ਜੀਣ ਦਾ ਅਹਿਸਾਸ ਕਰਾ ਕੇ,
ਆਪ ਰੋ ਕੇ, ਤੈਨੂੰ ਰਤਾ ਹਸਾ ਕੇ
ਫਿਰ ਅਗਲੀ ਅਣਮਿਥੀ ਮੁਲਾਕਾਤ ਦਾ ਭਰੋਸਾ ਦੁਆ ਕੇ
ਇਕ ਇਕ ਸਾਹ ਵਿਚ, ਮਣ ਮਣ ਦਾ ਕਦਮ ਭਰ ਕੇ
ਜੀਉਂਦੇ ਜੀਅ ਮਰ ਕੇ, ਪਰਤ ਆਣਾ ਹੁੰਦਾ ਹੈ...
ਪਰ ਅਜ ਕੱਲ੍ਹ ਮੈਂ ਜਦੋਂ ਵੀ ਆਵਾਂ
ਤੇਰੇ ਘਰ ਦਾ ਮਾਹੌਲ ਕੁਝ ਬੋਝਲ ਜਿਹਾ...

# ਕੋਈ ਫਰਕ ਨਹੀਂ ਪੈਂਦਾ

ਮੈਂ ਗੁਰਬਤ ਤੇ ਨਫ਼ਰਤ
ਪਿਆਰ ਤੇ ਕਰਾਰ
ਸ਼ਬਾਬ ਤੇ ਸ਼ਰਾਬ
ਗੁਨਾਹ ਤੇ ਸਵਾਬ,
ਹਰ ਅਹਿਸਾਸ ਦੀ
ਇੰਤਹਾ ਵੇਖੀ ਹੈ
ਤੇ ਹਰ ਕਿਆਮਤ ਮੈਨੂੰ ਅਜੇ
ਆਗਾਜ਼ ਹੀ ਲੱਗਦੀ ਹੈ,
...ਹੁਣ ਕੋਈ ਫਰਕ ਨਹੀਂ ਪੈਂਦਾ
ਅਜੀਬ ਮਰ੍ਹਲਾ ਹੈ ਕਿ
ਅੱਤ ਹੋ ਗਈ ਹੈ,
ਪਰ ਡੂੰਘਾ ਸਬਰ ਹੈ
ਤੇ ਇਕ 'ਉਡੀਕ' ਹੈ,
ਜੋ ਸੁੱਤੀ ਪਈ ਕਦੇ ਕਦੇ
ਊਂਘਣ ਲੱਗ ਪਏ, ਜਾਂ ਘੂਕੀ ਵਿਚ
ਕਦੇ ਕਦੇ ਤ੍ਰਬਕ ਪਏ...

## ਫੈਸਲਾ

ਰੋਜ਼ ਸੂਰਜ ਢਲਨ ਤੋਂ ਬਾਦ
ਮੈਂ ਆਪਣੀ ਬੁੱਕਲ 'ਚ ਮੂੰਹ ਲੁਕਾ ਕੇ
ਕਈ ਅਹਿਮ ਫੈਸਲੇ ਕੀਤੇ ਹਨ
ਜਿੰਨਾਂ ਚੋਂ ਇਕ ਫੈਸਲਾ
ਤੈਨੂੰ ਭੁਲ ਜਾਣ ਦਾ...
ਕਿ ਤੇਰਾ ਖਿਆਲ ਵੀ ਹੁਣ
ਨਹੀਂ ਕਰਿਆ ਕਰਨਾ,
ਬਹੁਤ ਵਾਰ ਮੈਂ ਤੈਨੂੰ ਜ਼ਿਹਨ ਚੋਂ
ਝਟਕ ਕੇ ਸੁੱਟਣਾ ਚਾਹਿਆ...
ਹਰ ਮਖ਼ਮਲੀ ਖਿਆਲ ਦਿਲ ਚੋਂ
ਪੁੱਟਣਾ ਚਾਹਿਆ,
ਪਰ......
ਮੇਰੇ ਸਾਰੇ ਮਸਲੇ ਖੜੇ ਹੋ ਕੇ
ਤਨਹਾਈ 'ਚ ਮੇਰੇ ਤੇ ਤਨਜ਼ ਕਰਦੇ ਨੇ,
ਕਿਉਂ ਕਿ ਤੇਰੇ ਚੇਤੇ ਦੇ ਨਾਲ ਨਾਲ
ਮੇਰੇ ਦਿਲ 'ਚ ਕਈ ਦਰਦ
ਵੱਸਦੇ ਨੇ,
ਮੈਨੂੰ ਰੁਜ਼ਗਾਰ ਦਾ ਫਿਕਰ ਹੈ
ਬਾਪੂ ਦੇ ਕੰਮ ਕਾਰ ਦਾ,
ਮਾਂ ਦੀਆਂ ਅੱਖਾਂ ਦਾ,

ਭੈਣਾਂ ਦੇ ਵਿਆਹ ਦਾ,
ਘਰ ਦੇ ਕਿਰਾਏ ਦਾ,
ਬਿਜਲੀ, ਪਾਣੀ ਦੇ
ਬਿੱਲ ਦਾ ਗ਼ਮ ਹੈ,
ਫਿਰ ਭਲਾ ਤੈਨੂੰ ਪਿਆਰ ਕਰਨਾ ਵੀ
ਕੋਈ ਕੰਮ ਹੈ...
ਮੈਨੂੰ ਮੇਰੇ ਹਿੱਸੇ ਦੀਆਂ ਮੁਸੀਬਤਾਂ ਅਜੇ
ਮਿਲਣੀਆਂ ਨੇ, ਤੇ ਉਦੋਂ
ਤੇਰੀ ਯਾਦ ਨੂੰ ਮੈਂ ਰੱਬ ਵਾਂਗ
ਸਾਂਭਣਾ ਹੈ,
ਪਰ ਫੋਕੇ ਇਜ਼ਹਾਰ 'ਚ ਕੁਝ
ਨਹੀਂ ਪਿਆ,
ਤੇ ਤੂੰ ਵੀ ਦੋਸਤਾ, ਹੁਣ ਪਹਿਲੇ ਵਰਗਾ
ਨਹੀਂ ਰਿਹਾ।

# ਖ਼ਤਰਨਾਕ ਖੇਲ

ਉਫ਼ ! ਮੈਂ ਕਿਹੋ ਜਿਹੇ ਭਿਆਨਕ
ਜਜ਼ਬਾਤੀ ਤੂਫ਼ਾਨ ਚੋਂ
ਅਪਨੇ ਆਪ ਨੂੰ ਗੁਜ਼ਾਰਿਆ ਹੈ,
ਹੈਰਤ ਹੈ ! ਮੈਂ ਖ਼ੁਦ ਨਾਲ ਹੀ
ਇੰਨਾ ਖ਼ਤਰਨਾਕ ਖੇਲ ਖੇਲਿਆ...
ਮੈਂ ਖੂੰਖਾਰ ਮਗਰਮੱਛ ਦੀ ਪਿੱਠ ਤੇ ਸਵਾਰ ਸੀ
ਜਦੋਂ ਸਮਾਜ ਦੇ ਡਰ ਤੋਂ ਮੈਂ ਆਪਣਾ ਦਿਲ
ਸ਼ਹਿਤੂਤ ਤੇ ਛੱਡ ਦਿੱਤਾ
ਵਰਨਾ ਉਹ ਮਗਰਮੱਛ ਤੇ ਮੈਨੂੰ
ਜਿੰਦੋਂ ਵੱਧ ਸੀ...
ਮੈਨੂੰ ਸੱਪ ਦੀ ਵਰਮੀਂ ਚੰਗੀ ਲੱਗਦੀ ਸੀ
ਉਹਦਾ, ਬਾਰ ਬਾਰ ਡੰਗਣਾ
ਮੈਨੂੰ ਇਕ ਅਮੁੱਕ ਬੇਸੁਰਤੀ ਦਿੰਦਾ
...ਤੇ ਮੈਂ ਅਪਨੇ ਅਹਿਸਾਸ ਦੇ ਪਿੰਡੇ ਤੇ
ਉਹਦੇ ਦੰਦ ਗਿਣੇ ਸਨ,
ਬੇਸ਼ੁਮਾਰ ਤੇ ਅਣੇਕਾਂ,
ਉਹ ਦੋਮੂੰਹੀਆਂ ਸੱਪ ਹੁਣ ਵਰਮੀ 'ਚੋਂ

ਬਾਹਰ ਨਹੀਂ ਆਉਂਦਾ,
ਕਿਉਂ ਜੋ ਹੁਣ ਉਸ ਦਾ ਮਕਸਦ, ਪੂਰਾ ਹੋ ਚੁੱਕਾ ਹੈ
ਮੈਨੂੰ ਵੀ ਉਨ੍ਹੇ, ਡੰਗ ਡੰਗ ਕੇ
ਜ਼ਹਿਰੀ ਕਰ ਦਿੱਤਾ ਹੈ,,
ਲੋਕਾਂ ਨੇ ਉਸ ਨੂੰ ਤੇ ਉਸ ਨੇ ਮੈਨੂੰ
ਬਹੁਤ ਵਾਰ ਮਾਰਨ ਦੀ ਕੋਸ਼ਿਸ਼ ਕੀਤੀ,
ਪਰ ਲੋਕਾਂ ਨੇ ਮੈਨੂੰ ਤੇ ਮੈਂ ਉਸਨੂੰ
ਹਰ ਵਾਰ ਮਰਨੋਂ ਬਚਾ ਲਿਆ...

## ਸ਼ਨਾਖ਼ਤ

ਤਮਗ਼ੇ, ਬਿੱਲੇ, ਮੈਡਲ, ਸਰਟੀਫਿਕੇਟ
ਸਭ ਅਰਥਹੀਣ, ਜੇ ਰਿਸ਼ਵਤ ਨਹੀਂ,
ਅੱਜ ਸਿਫਾਰਸ਼, ਸ਼ਨਾਖ਼ਤ ਹੈ
ਸ਼ਰਾਫਤ, ਹਿਮਾਕਤ ਹੈ ਤੇ
ਪੈਸਾ ਲਿਆਕਤ ਹੈ—
ਸਭ ਚਿਹਰੇ ਡਿਗਰੀਆਂ ਦੇ ਬੋਝ ਹੇਠ
ਬੋਤੇ ਦੇ ਲਮਕੇ ਬੁੱਲ ਵਾਂਗ ਨੇ,
ਸਫੈਦਪੋਸ਼ ਵੇਚਦੇ ਨੇ ਰੁਜ਼ਗਾਰ
ਮਜਬੂਰਾਂ ਦੇ ਗਲ੍ਹ ਗੂਠ ਦੇ ਕੇ
ਸਰਕਾਰੀ ਗੁੰਡਿਆਂ ਨੂੰ ਛੂਟ ਦੇ ਕੇ
ਫਿਰ ਹਮਦਰਦੀ ਜਤਾਉਂਦੇ ਨੇ,
ਆਪ ਮਰਵਾ ਕੇ
ਕ੍ਰਿਆਕਰਮ ਕਰਵਾਉਂਦੇ ਨੇ,
ਆਪਣੇ ਅਹੁਦੇ ਦਾ ਆਪ ਮੁੱਲ ਪਾ ਕੇ
ਕੰਨਾ ਨੂੰ ਹੱਥ ਲਾ ਕੇ, ਚੁੱਕਦੇ ਨੇ ਸੌਂਹ
"ਕੁਰਸੀ ਨਾਲ ਕਿਆਂ ਕਰਾਂਗੇ
ਸੱਚ ਪਿਛੇ ਮਰਾਂਗੇ"...

## ਦੋਸਤ

ਜਦ ਮੇਰਾ ਬਚਪਨ ਸੀ
ਤਾਂ ਤੂੰ ਮੇਰਾ ਉਹ ਆੜੀ ਸੀ
ਜਿਦ੍ਹੇ ਬਗੈਰ ਮੇਰੀ ਹਰ ਖੇਡ 'ਚ
ਹਾਰ ਮੁਮਕਿਨ ਸੀ,
ਪਰ ਤੂੰ ਮੇਰਾ ਦੁੱਖ ਭਾਂਪ ਲਿਆ
ਤੇ ਮੈਨੂੰ ਸਾਂਭ ਲਿਆ,
ਜਦ ਮੈਂ ਅੱਲੜ ਸੀ
ਤਾਂ ਤੂੰ ਮੇਰੇ ਹਾਸੇ ਵੇਖੇ
...ਤੇ ਰੋਸੇ ਵੇਖੇ
ਪਰ ਤੂੰ ਸ਼ਾਇਦ ਮੈਨੂੰ ਜਾਣ ਲਿਆ ਸੀ
...ਤੇ ਪਹਿਚਾਣ 'ਲਿਆ ਸੀ,
ਤੇ ਹੁਣ ਮੇਰੀ ਉਮਰ ਪ੍ਰੌੜ ਹੈ
ਮੈਨੂੰ ਪਤਾ ਨਹੀਂ ਕ੍ਹਾਦੀ ਥੋੜ ਹੈ,
ਪਰ ਰੱਬ ਦਾ ਵਾਸਤਾ ਈ
ਮੈਂ ਲੱਖ ਗਲਤ ਹੋਵਾਂ
ਚਾਹੇ ਲੱਖ ਤਲਖ ਹੋਵਾਂ
ਕਲ ਅਜ ਕਲ, ਤੂੰ ਮੈਨੂੰ

ਕਦੇ ਛੱਡੀਂ ਨਾ
ਮੈਨੂੰ ਤੇਰੀ ਲੋੜ ਹੈ,
ਮੈਂ ਜੁਦਾ ਵੀ ਹੋਵਾਂ
ਖ਼ਫਾ ਵੀ ਹੋਵੰ
ਮੈਨੂੰ ਸਾਂਭ ਲਵੀਂ, ਟੋਕ ਲਵੀਂ
ਮੈਨੂੰ ਰੋਕ ਲਵੀਂ
ਤੇਰੇ ਰੋਕਿਆਂ, ਮੈਂ ਰੁੱਕ ਜਾਣਾ
ਤੇ ਤੇਰੇ ਮੁਕਾਇਆਂ,
'ਸਭ' ਮੁੱਕ ਜਾਣਾ......

# ਉਡੀਕ

ਬਾਬੁਲ ਤੂੰ ਮੇਰਾ ਪ੍ਰਾਣ-ਦਾਤਾ
ਮੈਂ ਤੇਰੀ ਗਊ
ਜਿਹੜੇ ਮਰਜ਼ੀ ਕਿੱਲ੍ਹੇ ਬੰਨ੍ਹ
ਮੇਰੀ ਕੀ ਮਜਾਲ ਗਿਲਾ ਕਰਾਂ—
ਅੰਮੀਏ ਮੈਂ ਤੇਰੀ ਅੱਜ ਤੋਂ ਵੀਹ ਸਾਲ
ਪਹਿਲਾਂ ਦੀ ਹਾਂ
ਮੈਂ ਤੇਰੀਆਂ ਬੇਕਾਬੂ ਧੜਕਨਾਂ ਦੀ ਪੈਦਾਇਸ਼
ਤੂੰ ਮੇਰੇ ਸਾਹ ਸਾਹ ਦੀ
ਮਹਿਕ ਸਿਆਣਦੀ
ਵੀਰਿਆ ! ਮੈਂ ਤੇਰੀ ਜਾਨ
ਤੂੰ ਮੇਰਾ ਮਾਣ
ਤੂੰ ਮੇਰਾ ਇਕ ਇਕ ਰਾਜ਼ ਜਾਣਦਾ,
ਪਰ ਇਕ ਦਿਨ ਤੂੰ, ਅੰਮੀ ਬਾਪੂ ਨਾਲ ਮਿਲ ਕੇ
ਮੈਨੂੰ ਆਪਣੇ ਸੀਨੇ ਚੋਂ ਕੱਢ ਦੇਣਾ
ਤੇ ਮੈਂ ਤੁਹਾਡੀਆਂ ਬਰੂਹਾਂ ਤੇ
ਆਪਣਾ ਇਕ ਇਕ ਖ਼ਾਬ ਵੱਢ ਦੇਣਾ
ਸਮਾਜੀ ਨੱਕ ਨਮੂਜ਼ ਖ਼ਾਤਿਰ
ਮੈਂ ਦੂਰ ਕਿਤੇ ਜਾ ਵੱਸਣਾ
ਫਿਰ ਕਦੀ ਨਹੀਂ ਹੱਸਣਾ
ਮੈਂ ਆਪੇ ਆਪਣੀਆਂ ਖ਼ਾਹਿਸ਼ਾਂ ਦੇ ਦੇਸੋਂ
ਜਲਾਵਤਨ ਹੋ ਜਾਣਾ
ਫਿਰ ਮੈਨੂੰ ਕੋਈ ਖ਼ਤ ਨਹੀਂ ਆਣਾ
ਤੇ ਮੈਂ ਉਡੀਕਦੀ ਰਹਿ ਜਾਣਾ...

## ਮੇਰੇ ਅਜ਼ੀਜ਼

ਮੇਰੇ ਅਜ਼ੀਜ਼
ਦੋਸਤਾ !
ਮੇਰੇ ਹੱਥਾਂ ਨੂੰ ਤੇਰੇ ਹੱਥਾਂ ਦੀ ਹਮਦਰਦ ਛੋਹ ਨੇ
ਇੰਨਾ ਕਮਜ਼ੋਰ ਕਰ ਦਿੱਤਾ ਕਿ
ਮੈਂ ਗ਼ਮ ਦੇ ਅਮੁੱਕ ਸਾਗਰਾਂ ਨੂੰ
ਬੁੱਕਾਂ ਭਰ ਭਰ ਕੇ, ਖ਼ਾਲੀ ਕਰਨਾ ਚਾਹਿਆ
ਭਿੱਜੇ ਦਾਮਨ ਨੂੰ, ਤੇਰੇ ਇਤਬਾਰ ਦੇ ਬਨੇਰੇ ਤੇ
ਖਿਲਾਰ ਕੇ ਸੁਕਾਣਾ ਚਾਹਿਆ—
ਮੈਨੂੰ ਸੁਣਨ ਤੋਂ ਬਾਦ, ਤੇਰੀ ਜ਼ਬਾਨ ਖਾਮੋਸ਼ ਤੇ ਨਜ਼ਰ
ਬੜਬੋਲੀ ਹੋ ਜਾਣੀ ਹੈ
ਤੇ ਸ਼ਾਇਦ ! ਤੇਰਾ ਮੇਰੇ ਲਈ 'ਬੇਨਾਮ ਅਹਿਸਾਸ'
'ਦੋਸਤੀ' ਬਣਨ ਤੋਂ ਪਹਿਲਾਂ ਸਿਰਫ 'ਤਰਸ' ਬਣ ਜਾਏ—
ਤੇ ਹੁਣ ਤੇਰੇ ਸਾਹਵੇਂ ਮੈਨੂੰ ਆਪਣਾ ਆਪ
ਸ਼ਰਮਿੰਦਾ ਤੇ ਗਰੀਬ ਜਾਪਦੈ
ਕਿਉਂ ਜੋ ਮੈਂ ਆਪਣੇ ਦਰਦ ਦਾ 'ਇਕਬਾਲ' ਕਰ ਲਿਐ
ਤੂੰ ਵੀ ਮੈਨੂੰ ਅੰਦਰੋ ਅੰਦਰੇ ਰੋਂਦਿਆਂ ਵੇਖ ਲਿਐ—

ਪਰ ਤੂੰ, ਬਲੌਟਿੰਗ ਪੇਪਰ ਬਣ ਕੇ
ਮੇਰੇ ਕੋਰੇ ਪੰਨਿਆਂ ਤੇ ਰੁੜ੍ਹੀ 'ਕਾਲੀ ਸਿਆਹੀ' ਨੂੰ
ਸੋਖ ਨਹੀਂ ਸਕਣਾ
ਤੇ ਨਾ ਹੀ ਕੋਈ ਦਾਗ਼ ਮੇਟ ਸਕਣਾ ਹੈ—
ਪਰ ਤੇਰਾ ਤੁਰਦਾ ਫਿਰਦਾ ਵਜੂਦ ਹੁਣ ਮੈਨੂੰ
ਉਸ ਖੂਹ ਵਾਂਗ ਲਗਦੈ
ਜਿਸ ਵਿਚ ਕੁਝ ਪਲਾਂ ਲਈ
ਮੇਰੀ ਪੀੜ ਦੀ ਅਵਾਜ਼ ਨੇ ਛਾਲ ਮਾਰੀ ਸੀ—
ਤੇ ਵਾਸਤਾ ਈ ਤੈਨੂੰ
ਮੇਰੀ ਇਸ ਪੀੜ ਦਾ, ਕੋਈ ਹੱਲ ਨਾ ਲੱਭੀਂ
ਤੇ ਮੈਨੂੰ ਹੱਸਣ ਦਾ, ਕੋਈ ਵੱਲ੍ਹ ਨਾ ਦੱਸੀਂ—

# ਸਕੂਨ

ਤੂੰ ਕਦੇ ਜਜ਼ਬਾਤਾਂ 'ਚ ਤਾਰੀ ਲਾਈ ਏ
ਲਾ ਕੇ ਵੇਖ
ਸੋਚ ਦਾ ਦਾਮਨ, ਜ਼ਿੰਦਗੀ ਭਰ ਨਹੀਂ
ਸੁੱਕੇਗਾ
ਤੇ ਪਿਆਰ, ਕਦੇ ਨਹੀਂ ਮੁੱਕੇਗਾ—
ਕਦੇ ਅਹਿਸਾਸ ਦੇ ਪੱਖ ਚ'
ਖੜੇ ਹੋ ਕੇ ਵੇਖ
ਦੂਰੀਆਂ ਤੇ ਕਦੇ ਪੈਂਦੀਆਂ ਹੀ ਨਹੀਂ—
ਫੁੱਲਾਂ ਨੂੰ ਮਹਿਕ ਦਾ ਆਸਰਾ ਏ
ਤੇ ਮਹਿਕ ਨੂੰ ਕਿਹਦਾ—
ਪਰ ਮਹਿਕ ਤੇ ਫੁੱਲ, ਇਕੱਠੇ ਹੀ ਮਰਦੇ ਨੇ—
ਤੇਰੀ ਛੋਹ ਨਾਲ ਮੇਰੀ ਮਿੱਟੀ 'ਚ
ਖ਼ਾਬਾਂ ਦੀਆਂ, ਕਈ ਕਰੂੰਬਲਾਂ ਫੁੱਟਣ—
ਤੇਰਾ ਦੀਦਾਰ ਅੱਖਾਂ 'ਚ ਇੰਞ
ਘੁੱਲਿਆ ਪਿਆ ਏ
ਕਿ ਅੱਖਾਂ ਦੀਆਂ ਦੀਵਾਰਾਂ ਤੋਂ
ਚਾਕੂ ਨਾਲ ਖ਼ੁਰਚ ਖ਼ੁਰਚ ਕੇ ਵੀ
ਮੈਥੋਂ ਇਹਦਾ ਰੰਗ ਨਹੀਂ ਲੱਥਦਾ—

ਤੇ ਜਦੋਂ ਕੋਈ ਊਂਘਦਾ ਖ਼ਾਬ ਜਗਾਵਾਂ
ਤਾਂ ਉਸ ਦਿਨ ਜਾਪੇ
ਜਿਵੇਂ ਮੈਂ ਉਨੀਂਦਰੇ ਸੂਰਜ ਦੇ
ਮੂੰਹ ਤੋਂ ਰਾਤ ਦੀ ਚਾਦਰ ਖਿੱਚ ਦਿੱਤੀ ਹੋਵੇ—
ਤੇ ਮੈਨੂੰ ਹਰ ਉਸ ਅੱਖ ਨਾਲ ਉਲਫ਼ਤ ਹੈ
ਜੋ ਤੈਨੂੰ ਵੇਖਦੀ ਏ,
ਜੋ ਤੇਰੇ ਦੀਦਾਰ ਦੀ ਧੁੱਪ ਸੇਕਦੀ ਏ—
ਤੇ ਮੇਰਾ ਇਖ਼ਲਾਕ,
ਇਸ ਜੁਸਤਜੂ ਦੀ ਪੁਖ਼ਤਗੀ ਨੂੰ
ਹੋਰ ਜਨੂਨ ਦੇ ਰਿਹਾ ਏ
ਬਾਖ਼ੁਦਾ ! ਬਹੁਤ ਸਕੂਨ ਦੇ ਰਿਹਾ ਏ—

# ਆਦਤ

ਤੇਰਾ ਮੇਰਾ ਕੋਈ ਵਾਦਾ ਨਹੀਂ, ਜ਼ਿੰਦਗੀ ਬਿਤਾਣ ਦਾ
ਤੇਰਾ ਕੋਈ ਬੋਲ ਨਹੀਂ, ਰਲ ਕੇ ਕੋਈ ਗੀਤ ਗਾਣ ਦਾ
ਤੂੰ ਮੈਨੂੰ ਮਿਲੇਂ ਜਾਂ ਨਾ ਮਿਲੇਂ, ਕੋਈ ਫਰਕ ਨਹੀਂ ਪੈਂਦ
ਤੇਰਾ ਦਿਲ ਵੀ ਸਿਰਫ ਮੇਰੇ ਲਈ ਹੀ, ਧੜਕਦਾ ਨਹੀਂ ਰਹਿੰਦਾ
ਬਸ ਤੇਨੂੰ ਤਾਂ ਮੇਰੀ ਆਦਤ ਹੈ
ਜਿਸ ਕਰਕੇ ਤੇਰਾ ਵਜੂਦ ਸਾਬਤ ਹੈ
ਪਰ ਮੈਨੂੰ ਇੰਨਾ ਇਲਮ ਹੈ ਕਿ ਮੇਰੇ ਜਾਣ ਬਾਦ......
ਤੇਰੇ ਅੰਦਰ ਸਦਾ ਲਈ, ਇਕ ਡੂੰਘੀ ਖਾਈ ਪੈ ਜਾਵੇਗੀ
ਜਿਸ 'ਚ ਤੂੰ ਹਰ ਪਲ, ਕੌੜੇ ਘੁੱਟ ਤੇ ਹੌਕੇ ਸੁੱਟ ਸੁੱਟ ਕੇ
ਉਸ ਨੂੰ ਭਰਨ ਦਾ ਯਤਨ ਕਰਨਾ ਹੈ
ਪਰ ਉਹ ਖਾਈ ਕਦੇ ਤੈਥੋਂ ਭਰੀ ਨਹੀਂ ਜਾਣੀ
ਤੇ ਫਿਰ ਤੈਨੂੰ ਸਮਝ ਨਹੀਂ ਆਣੀ
ਕਿ ਤੇਰੇ ਅੰਦਰ ਜੋ ਮੇਰੇ ਕਰਕੇ, ਇਕ 'ਰੱਜ' ਸੀ
ਉਹੀ ਤੇਰੇ ਹੱਸਣ ਖੇਡਣ ਦਾ, 'ਪੱਜ' ਸੀ
ਮੇਰੀ ਖਾਮੋਸ਼ੀ ਹੀ ਤੇਰੇ ਬੋਲਣ ਦਾ 'ਚੱਜ' ਸੀ
ਤੇ ਫਰੇਬਾਂ ਦੀ ਜ਼ਿਆਰਤ, ਮੇਰੇ ਹੁਨਰ ਦਾ ਹੱਜ ਸੀ
ਪਰ ਫਿਰ ਤੂੰ ਆਪਣੀ ਸਫਾਈ ਵਿਚ
ਕੁਝ ਵੀ ਕਹਿ ਨਹੀਂ ਸਕਣਾ
ਤੇ ਮੈਂ ਆਦਤਨ...
ਤੈਨੂੰ ਮੁਆਫ਼ ਕੀਤੇ ਬਿਨਾਂ ਰਹਿ ਨਹੀਂ ਸਕਣਾ...

## ਦਰ ਭੀੜ ਕੇ ਰੱਖੀਂ...

ਜੇ ਮੇਰੇ ਕੋਲ ਤੇਰੇ ਮੇਚ ਦਾ
ਅਪਣਾ ਜ਼ਾਤੀ ਰਿਸ਼ਤਾ ਹੁੰਦਾ ਤਾਂ
ਮੈਨੂੰ ਅੱਜ ਵਰਗੇ ਕਈ ਦਿਨ
ਤਰਸੇਵੇਂ ਨਾ ਕੱਟਣੇ ਪੈਂਦੇ—
ਖ਼ੂਨ-ਏ-ਜਿਗਰ ਨਾਲ ਪਾਲੇ, ਮੋਹ ਦੇ ਸੰਘਣੇ ਰੁੱਖ
ਅਪਣੇ ਹੱਥੀਂ ਨਾ ਵੱਢਣੇ ਪੈਂਦੇ
ਕਿਸਮਤ ਕੋਲੋਂ ਤਾਂ ਮੇਰਾ ਕੋਈ ਵੀ 'ਰੱਜ'
ਬਰਦਾਸ਼ਤ ਨਹੀਂ ਹੁੰਦਾ
ਪਰ ਅਫਸੋਸ ! ਕਿ ਤੇਰੇ ਕੋਲੋਂ ਵੀ ਕਿਸੇ ਰਿਸ਼ਤੇ ਦਾ
ਲਿਹਾਜ਼ ਨਹੀਂ ਹੁੰਦਾ
ਉਂਵ ਤਾਂ ਤੇਰੇ ਬਗੈਰ ਵੀ ਬੜਾ ਸਕੂਨ ਤੇ ਰਾਹਤ ਹੈ...
ਸ਼ਾਇਦ ਹੁਣ ਮੇਰੀ ਪੀੜ, ਰਤਾ ਸੌਂ ਜਾਵੇ
ਪਰ ਮੇਰੀ ਪੀੜ ਨੂੰ ਵੀ ਨੀਂਦਰ 'ਚ ਤੁਰਨ ਦੀ ਆਦਤ ਹੈ,
ਤੂੰ ਅਪਣਾ ਦਰ ਭੀੜ ਕੇ, ਰੱਖੀਂ...

## ਚਾਣਚੱਕ ਹੀ ..

'ਸਭ ਕੁਝ' ਮੈਥੋਂ, ਚਾਣਚੱਕ ਹੀ ਛੁੱਟਦੈ...
ਜਿਸ ਦੀ ਅਜੇ ਆਸ ਹੀ ਹੁੰਦੀ ਏ
'ਵਕਤ' ਨੂੰ ਪਤਾ ਲੱਗਦੈ ਜਦ
ਤਾਂ ਉਹ ਆਸ ਨੂੰ ਹਮੇਸ਼ਾਂ ਦੀ
ਪਿਆਸ ਬਣਾ ਛੱਡਦੈ—
ਤੇ ਹਲਕਾਏ ਕੁੱਤੇ ਵਾਂਗ ਮੈਨੂੰ
ਬਾਰ ਬਾਰ ਵੱਢਦੈ—
ਸਭ ਕੁਝ ਮੈਥੋਂ, ਚਾਣਚੱਕ ਛੁੱਟਦੈ...
ਫਿਰ ਸੋਚਾਂ, ਇਸ ਫਰੇਬੀ ਜ਼ਿੰਦਗੀ 'ਚ ਕੀ ਪਿਐ,
ਪਰ ਮੇਰੀ ਕਾਇਰਤਾ ਨੇ ਮੈਨੂੰ ਹੁਣ
'ਦਲੇਰ' ਬਣਾ ਛੱਡਿਐ,
ਹਿਜਰ ਤਾਂ ਮੇਰੀ ਰੂਹ ਤੇ
ਬਿਜਲੀ ਵਾਂਗ ਡਿੱਗਦੈ,
ਸਭ ਕੁਝ ਮੈਥੋਂ, ਚਾਣਚੱਕ ਛੁਟਦੈ...

## ਮਿਲਣੀ

ਤੇਰੀ ਹਰ ਮੁਲਾਕਾਤ ਜਿਵੇਂ
ਵਿਛੜਣ ਤੋਂ ਪਹਿਲਾਂ ਮਿਲਣਾ...
ਅੱਖਾਂ ਦਾ ਗੁੱਥਮਗੁੱਥਾ ਹੋਣਾ
ਤੇ ਨਜ਼ਰਾਂ ਦਾ ਚੁੱਪ ਪਾਣੀ ਹਿਲਣਾ...
'ਚੰਨ' ਦਾ ਘੁੱਟ ਭਰਨਾ
ਤੇ ਲੂੰ ਲੂੰ 'ਚ ਕੋਈ ਭਾਂਬੜ ਬਲਣਾ...
ਅੱਗ ਦੇ ਭਾਂਬੜਾਂ ਨੂੰ ਛੂਹਣਾ
ਫਿਰ ਧੁਰ ਅੰਦਰ ਤੀਕ ਠਰਣਾ...
ਉਮਰਾਂ ਦਾ ਜ਼ਹਿਰ ਪੀਣ ਲਈ
ਨਿੱਤ ਥੋੜਾ ਥੋੜਾ ਮਰਨਾ...

## ਗ਼ਜ਼ਲ

ਤੇਰੇ ਚਿਹਰੇ 'ਤੇ ਸੁਲਾਹ ਦਾ ਨਕਾਬ ਹੈ।
ਪਰ ਨੀਅਤ ਤੇਰੀ ਅਜੇ ਵੀ ਖ਼ਰਾਬ ਹੈ।

ਤੇਰੇ ਬੇਲਗ਼ਾਮ ਤੇ ਮੂੰਹ ਜ਼ੋਰ ਸਵਾਲਾਂ ਦਾ,
ਮੇਰੀ ਖਾਮੋਸ਼ੀ ਇਕ ਮੂੰਹ ਤੋੜ ਜਵਾਬ ਹੈ।

ਮੇਰੀ ਜ਼ਿੰਦਗੀ ਦੇ ਕਈ ਸਾਲ ਤੂੰ ਖਾ ਲਏ,
ਪਰ ਭੁੱਖ ਤੇਰੀ ਅੰਨ੍ਹੀ ਬੇਹਿਸਾਬ ਹੈ।

# ਠਹਿਰ ਜਾ ਜ਼ਰਾ !

ਠਹਿਰ ਜਾ ਜ਼ਰਾ !
ਰਤਾ ਜੀਅ ਹੌਲਾ ਹੋ ਜਾਵੇ,
ਤਬੀਅਤ ਵਲ੍ਹ ਹੋ ਜਾਵੇ
ਬੇਰੋਕ ਹੰਝੂਆਂ ਨੂੰ ਜ਼ਰਾ ਸਾਹ ਲੈਣ ਦੇ
ਜ਼ਰਾ ਮੈਂ ਪੱਥਰ ਹੋ ਜਾਵਾਂ,
ਤੇ ਫਿਰ ਤੈਨੂੰ ਸੁਣਾਵਾਂ
ਕਿ ਮੇਰੇ ਤੇ ਕੀ ਬੀਤੀ
ਤੂੰ, ਜੱਗ ਤੇ ਰੱਬ,
ਤਿੰਨਾਂ ਨੇ ਮੇਰੇ ਨਾਲ ਕੀ ਕੀਤੀ...
ਮੇਰੇ ਅੰਦਰ ਉਦਾਸੀ ਦਾ,
ਸੰਘਣਾ ਬੋਹੜ ਉਗਿਆ
ਅੱਖਾਂ 'ਚ ਮੇਰੇ ਹੁਣ ਉਮਰ ਭਰ,
ਇਹਦੀ ਛਾਂ ਰਹੇਗੀ
ਤਬੀਅਤ ਹਰ ਪਲ ਪਰੇਸ਼ਾਂ ਰਹੇਗੀ
ਇਸ ਉਦਾਸ ਬੋਹੜ ਨੂੰ ਲੋਗ ਪੂਜਿਆ ਕਰਨਗੇ
ਜਿਸ ਨੂੰ ਉਦਾਸੀ ਦੇ ਫੱਲ੍ਹ ਲੱਗਿਆ ਕਰਨਗੇ...
ਸਿਰ ਤੇ ਫਿਕਰਾਂ ਤੇ ਹਿਜਰਾਂ ਦੀ,
ਚਿਲਚਿਲਾਂਦੀ ਧੁੱਪ ਲਿਸ਼ਕੇਗੀ

ਕਿਸਮਤ ਫਿਰ ਮੇਰੇ ਨਾਲ ਮਸ਼ਕਰੀ ਕਰੇਗੀ
ਦਿਲ ਅਸ਼ਕਾਂ ਨਾਲ ਵਿਛੋੜੇ ਦਾ,
ਸਿਆਹ ਤੇ ਸਪਾਟ ਮੂੰਹ
ਧੋਇਆ ਤੇ ਚੁੰਮਿਆ ਕਰੇਗਾ
ਪਰ ਮੇਰੀ ਜੁਸਤਜੂ ਦਾ ਸਫ਼ਰ ਜਾਰੀ ਰਹੇਗਾ
ਜਨੂਨ ਤਾਰੀ ਰਹੇਗਾ...
ਪਰ ਤੂੰ ਫਿਕਰ ਨਾ ਕਰੀਂ
ਮੇਰੇ ਬਾਦ, ਅਪਣਾ ਤੇ ਸਭ ਦਾ ਖ਼ਿਆਲ ਰੱਖੀਂ...
ਮੈਂ ਹੁਣ ਚਲੇ ਜਾਣਾ ਹੈ,
ਤੈਨੂੰ ਬੜਾ ਕੁਝ ਕਹਿਣਾ ਹੈ
ਯਾਦਾਂ ! ਮੀਂਹ ਵਾਂਗ ਵਰ੍ਹਿਆ ਕਰਨਗੀਆਂ
ਬੀਤੀਆਂ ਸੁਲਗਦੀਆਂ ਤੇ ਪਿਘਲਦੀਆਂ ਘੜੀਆਂ
ਕਦੀ ਠਰਿਆ ਤੇ ਕਦੀ ਡਰਿਆ ਕਰਨਗੀਆਂ,
ਮੈਂ ਤਨਹਾ ਸੀ, ਹੋਰ ਤਨਹਾ ਹੋ ਜਾਣਾ ਹੈ...
ਮੁਆਸ਼ਰੇ ਦੇ ਅਜਾਇਬ ਘਰ ਵਿਚ
ਇਕ ਖਾਮੋਸ਼ ਮੁਜੱਸਮਾ ਬਣ ਕੇ ਰਹਿ ਜਾਣਾ ਹੈ
ਮੈਂ ਹੁਣ ਵਾਕੇਈ ਚਲੇ ਜਾਣਾ ਹੈ।

## ਭੌਂਕਾ ਨਾ ਤੇ ਕੀ ਕਰਾਂ...

ਲਓ ਅੱਜ ਮੈਂ ਤੁਹਾਡੇ
ਕਟਿਹਰੇ 'ਚ ਖੜੀ ਹਾਂ
ਮੈਂ ਗੁਨਾਹਗਾਰ ਹਾਂ, ਕਿਉਂ ਜੋ
ਇਸ ਇੱਕੀਵੀਂ ਸਦੀ ਵਿਚ
ਮੈਂ ਆਪਣੇ ਹੱਕ ਦਾ ਵਕਤ, ਅਪਨੀ ਜ਼ਿੰਦਗੀ ਚੋਂ
ਆਪਣੇ ਲਈ ਅਪਨੇ ਢੰਗ ਨਾਲ
ਬਿਨਾਂ ਕਿਸੇ ਦਾ ਨੁਕਸਾਨ ਕੀਤਿਆਂ
ਬਿਤਾਣਾ ਚਾਹਿਆ ਏ—

ਲਾਹਨਤ ਹੈ ! ਮੇਰੇ ਅਪਨੇ ਆਪ ਨੂੰ
ਆਜ਼ਾਦ ਕਹਿਣ ਦੇ ਤੇ ਅਜ਼ਾਦ ਜੰਮਣ ਦੇ
ਅਜ਼ਾਦੀ ਵੀ ਮੈਨੂੰ ਖੜਾ, ਅਹਿਸਾਨ ਕਰਕੇ
ਭੀਖ ਦੇ ਰੂਪ 'ਚ ਮਿਲਦੀ ਏ—

ਫਿਟਕਾਰ ਹੈ ਮੇਰੀ ਵਫ਼ਾਦਾਰੀ ਦੇ
ਜੋ ਅਪਨੇ ਦਿਮਾਗ਼ ਦੀ ਸ਼ਾਂਤੀ ਲਈ
ਅਪਨੀ ਜ਼ੁੰਮੇਵਾਰੀ ਤੇ, ਹੱਸ ਵੀ ਨਹੀਂ ਸਕਦੀ
ਕਿਉਂ...ਮੈਂ ਕੁਝ ਗਲਤ ਤਾਂ ਨਹੀਂ ਬੱਕਦੀ—

ਮੇਰੇ ਕਿਹੜੇ ਫਰੇਬ ਨਾਲ, ਕਿਹੜੇ ਕੁਫਰ ਨਾਲ
ਤੁਹਾਡੇ ਹੱਕ ਮਰੇ ਨੇ, ਸਗੋਂ ਮੇਰੇ ਅਹਿਸਾਸ
ਜ਼ਖ਼ ਹੋ ਗਏ ਨੇ
ਤੇ ਡਰਪੋਕ ਖ਼ਾਬ ਹੋਰ ਡਰੇ ਨੇ—

ਨਾ ਜੀ ਨਾ... ਇਹ ਮੇਰੀ ਜ਼ਿੰਦਗੀ ਨਹੀਂ
ਸਗੋਂ ਇਹ ਤਾਂ ਤੁਹਾਡੇ ਅਸੂਲਾਂ ਤੇ ਨੱਚਦੀ
ਕੱਠਪੁਤਲੀ ਹੈ

ਸੁਣਾਓ, ਕਿਹੜਾ ਫੈਸਲਾ ਸੁਣਾਂਦੇ ਹੋ
ਕਿੱਦਾਂ ਕੋਈ ਗੁਨਾਹ ਸਾਬਿਤ ਕਰੋਗੇ
ਰਿਸ਼ਤਿਆਂ ਨੂੰ ਪਿਆਰ ਕਰਨਾ, ਜੇ ਜ਼ਲੀਲ ਏ
ਤਾਂ ਰੱਬ ਵੀ ਜ਼ਲੀਲ ਏ
ਹਾਂ... ਇਹੋ ਮੇਰੀ ਦਲੀਲ ਏ—

ਗੁਨਾਹ ਇਹੀ ਕਿ, ਨਫਰਤ ਮੈਨੂੰ ਰਾਸ ਨਹੀਂ ਆਉਂਦੀ
ਤੇ ਫਿਰ 'ਬੁੱਧ' ਤੁਹਾਡੀ ਨਹੀਂ,
ਮੇਰੀ ਦੁਨੀਆਂ ਦੀ ਮਿਸਾਲ ਏ
ਤੁਹਾਡੀ ਦੁਸ਼ਮਣੀ ਕੀ ਦੋਸਤੀ ਵੀ ਕਮਾਲ ਏ—

ਸਾਂਭੀ ਰੱਖੋ ਆਪਣੀ 'ਬੈਨਡ' ਆਜ਼ਾਦੀ
ਮੈਨੂੰ ਨਹੀਂ ਚਾਹੀਦੀ, ਕਤੱਈ ਨਹੀਂ ਚਾਹੀਦੀ—
ਮੇਰੀ ਸੋਚ ਨੂੰ ਜ਼ੰਜ਼ੀਰਾਂ ਵਿਚ ਵੀ
ਪਰਵਾਜ਼ ਭਰਨੀ ਹੈ
'ਅਹਿਸਾਸ ਦੇ ਸੱਚ ਦੀ ਜੰਗ' ਮੈਨੂੰ
ਤਨਹਾ ਵੀ ਲੜਨੀ ਆਂਦੀ ਹੈ—

ਮੈਨੂੰ ਮੇਰੇ ਦਿਮਾਗ ਦੀ,
ਹਰ ਫੜਫੜਾਂਦੀ ਪੇਚੀਦਗੀ ਦਾ

ਹੱਲ ਲੱਭਣਾ ਆਉਂਦਾ ਹੈ
ਤੁਹਾਨੂੰ ਤਾਂ ਬਸ, ਸਮਾਜ ਦੇ ਠੇਕੇਦਾਰਾਂ ਵਾਂਗ
ਨਫ਼ਰਤ ਦਾ ਵੱਲ ਆਉਂਦਾ ਹੈ—

ਮੈਂ ਕੁੱਤੇ ਦੀ ਜ਼ਾਤ
ਮਾਲਕ ਦਾ ਪਟਾ ਗਲ੍ਹ 'ਚ ਪਿਆ ਹੈ
ਵਫ਼ਾਦਾਰੀ ਮੇਰਾ ਧਰਮ ਰਿਹਾ ਹੈ
ਤੇ ਖਾਮੋਸ਼ੀ ਕਰਮ ਰਿਹਾ ਹੈ
ਮੈਂ ਮਾਲਕ ਦੀ ਧਨ ਦੌਲਤ ਤੇ
ਇੱਜ਼ਤ ਦੀ ਰਾਖੀ ਕਰਾਂ
ਪਰ ਜਦੋਂ ਮੇਰੀ ਵਫ਼ਾਦਾਰੀ ਤੇ
ਉਂਗਲ ਉੱਠੇ ਤਾਂ ਮੈਂ
ਭੌਂਕਾ ਨਾ ਤੇ ਕੀ ਕਰਾਂ...

## ਅਹਿਮੀਅਤ

ਮੈਂ ਤੇਰੇ ਫ਼ਿਕਰ ਤੇ ਖਿਆਲ ਨਾਲ
ਅਜ਼ਾਬ ਵਰਗੀ ਜ਼ਿੰਦਗੀ ਵੀ
ਸਵਾਬ ਵਾਂਗ ਕੱਟੀ ਹੈ,
ਤੂੰ ਵੀ ਕਿਹੜੀ ਬੇਪਰਵਾਹੀ ਵਿਚ
ਕਸਰ ਛੱਡੀ ਹੈ,
ਕਿ ਜਦੋਂ ਵੀਂ ਮੇਰਾ ਫ਼ਿਕਰ ਬੋਲਦਾ ਹੈ
ਉਦੋਂ ਤੇਰਾ ਜ਼ਮੀਰ, ਲਫਜ਼ਾਂ ਨੂੰ ਜੰਦਰੇ ਮਾਰ ਕੇ
ਬਸ ਮੇਰੀ ਅਵਾਜ਼ ਦਾ ਜੰਗਲ, ਫਰੋਲਦਾ ਹੈ
ਜੇ ਤੈਨੂੰ ਮੇਰਾ ਸਵਾਲ ਕਰਨਾ, ਤੇ ਅਪਣਾ
ਜਵਾਬ ਦੇਣਾ ਪਸੰਦ ਨਹੀਂ
ਤਾਂ ਅੱਜ ਤੋਂ ਬਾਦ,
ਮੈਨੂੰ ਆਪਣੇ ਯਾਦਾਂ ਦੇ ਅਜਾਇਬ ਘਰ 'ਚ ਲੱਗਿਆ
ਉਹ ਖਾਮੋਸ਼ ਬੁੱਤ ਸਮਝ ਲਵੀਂ
ਜਿਸ ਨੂੰ ਛੂਹਨ ਤੇ ਹਰ ਵਾਰ, ਤੇਰੇ ਹੱਥਾਂ ਦੀਆਂ ਉਂਗਲਾਂ ਉਤੇ
ਉਹਦੀ, ਬੇਬਸੀ ਦਾ ਸੁਨਹਿਰੀ ਪਾਲਿਸ਼ ਲੱਗ ਜਾਵੇਗਾ
ਫਿਰ ਤੈਨੂੰ ਸਮਝ ਆਵੇਗਾ
ਕਿ ਤੇਰੀ ਜ਼ਿੰਦਗੀ 'ਚ (ਮੇਰੀ) ਤੇ ਮੇਰੇ ਸਵਾਲਾਂ ਦੀ,
ਕੀ ਅਹਿਮੀਅਤ ਸੀ—

# ਅਹਿਮੀਅਤ

ਮੈਂ ਤੇਰੇ ਫਿਕਰ ਤੇ ਖਿਆਲ ਨਾਲ
ਅਜ਼ਾਬ ਵਰਗੀ ਜ਼ਿੰਦਗੀ ਵੀ
ਸਵਾਬ ਵਾਂਗ ਕੱਟੀ ਹੈ,
ਤੂੰ ਵੀ ਕਿਹੜੀ ਬੇਪਰਵਾਹੀ ਵਿਚ
ਕਸਰ ਛੱਡੀ ਹੈ,
ਕਿ ਜਦੋਂ ਵੀਂ ਮੇਰਾ ਫ਼ਿਕਰ ਬੋਲਦਾ ਹੈ
ਉਦੋਂ ਤੇਰਾ ਜ਼ਮੀਰ, ਲਫਜ਼ਾਂ ਨੂੰ ਜੰਦਰੇ ਮਾਰ ਕੇ
ਬਸ ਮੇਰੀ ਅਵਾਜ਼ ਦਾ ਜੰਗਲ, ਫਰੋਲਦਾ ਹੈ
ਜੇ ਤੈਨੂੰ ਮੇਰਾ ਸਵਾਲ ਕਰਨਾ, ਤੇ ਅਪਣਾ
ਜਵਾਬ ਦੇਣਾ ਪਸੰਦ ਨਹੀਂ
ਤਾਂ ਅੱਜ ਤੋਂ ਬਾਦ,
ਮੈਨੂੰ ਆਪਣੇ ਯਾਦਾਂ ਦੇ ਅਜਾਇਬ ਘਰ 'ਚ ਲੱਗਿਆ
ਉਹ ਖਾਮੋਸ਼ ਬੁੱਤ ਸਮਝ ਲਵੀਂ
ਜਿਸ ਨੂੰ ਛੂਹਨ ਤੇ ਹਰ ਵਾਰ, ਤੇਰੇ ਹੱਥਾਂ ਦੀਆਂ ਉਂਗਲਾਂ ਉਤੇ
ਉਹਦੀ, ਬੇਬਸੀ ਦਾ ਸੁਨਹਿਰੀ ਪਾਲਿਸ਼ ਲੱਗ ਜਾਵੇਗਾ
ਫਿਰ ਤੈਨੂੰ ਸਮਝ ਆਵੇਗਾ
ਕਿ ਤੇਰੀ ਜ਼ਿੰਦਗੀ 'ਚ (ਮੇਰੀ) ਤੇ ਮੇਰੇ ਸਵਾਲਾਂ ਦੀ,
ਕੀ ਅਹਿਮੀਅਤ ਸੀ—

# ਅਹਿਮੀਅਤ

ਮੈਂ ਤੇਰੇ ਫਿਕਰ ਤੇ ਖਿਆਲ ਨਾਲ
ਅਜ਼ਾਬ ਵਰਗੀ ਜ਼ਿੰਦਗੀ ਵੀ
ਸਵਾਬ ਵਾਂਗ ਕੱਟੀ ਹੈ,
ਤੂੰ ਵੀ ਕਿਹੜੀ ਬੇਪਰਵਾਹੀ ਵਿਚ
ਕਸਰ ਛੱਡੀ ਹੈ,
ਕਿ ਜਦੋਂ ਵੀਂ ਮੇਰਾ ਫ਼ਿਕਰ ਬੋਲਦਾ ਹੈ
ਉਦੋਂ ਤੇਰਾ ਜ਼ਮੀਰ, ਲਫਜ਼ਾਂ ਨੂੰ ਜੰਦਰੇ ਮਾਰ ਕੇ
ਬਸ ਮੇਰੀ ਅਵਾਜ਼ ਦਾ ਜੰਗਲ, ਫਰੋਲਦਾ ਹੈ
ਜੇ ਤੈਨੂੰ ਮੇਰਾ ਸਵਾਲ ਕਰਨਾ, ਤੇ ਅਪਣਾ
ਜਵਾਬ ਦੇਣਾ ਪਸੰਦ ਨਹੀਂ
ਤਾਂ ਅੱਜ ਤੋਂ ਬਾਦ,
ਮੈਨੂੰ ਆਪਣੇ ਯਾਦਾਂ ਦੇ ਅਜਾਇਬ ਘਰ 'ਚ ਲੱਗਿਆ
ਉਹ ਖਾਮੋਸ਼ ਬੁੱਤ ਸਮਝ ਲਵੀਂ
ਜਿਸ ਨੂੰ ਛੂਹਨ ਤੇ ਹਰ ਵਾਰ, ਤੇਰੇ ਹੱਥਾਂ ਦੀਆਂ ਉਂਗਲਾਂ ਉਤੇ
ਉਹਦੀ, ਬੇਬਸੀ ਦਾ ਸੁਨਹਿਰੀ ਪਾਲਿਸ਼ ਲੱਗ ਜਾਵੇਗਾ
ਫਿਰ ਤੈਨੂੰ ਸਮਝ ਆਵੇਗਾ
ਕਿ ਤੇਰੀ ਜ਼ਿੰਦਗੀ 'ਚ (ਮੇਰੀ) ਤੇ ਮੇਰੇ ਸਵਾਲਾਂ ਦੀ,
ਕੀ ਅਹਿਮੀਅਤ ਸੀ—

# ਹਿਜਰ ਦੀ ਸਰ੍ਹਾਲ

ਹਿਜਰ ਰੂਪੀ ਸਰ੍ਹਾਲ ਨੇ
ਇਕੋ ਸਾਹੇ
ਮੇਰੀ ਹੋਂਦ ਨਿਗਲ ਲਈ,
ਮੈਨੂੰ ਤੇਰੇ ਤੋਂ ਸਿਵਾ
ਹੋਰ ਕੁਝ ਨਹੀਂ ਸੀ ਪਤਾ,
ਪਰ ਤੈਨੂੰ ਮੇਰੇ ਤੋਂ ਇਲਾਵਾ
'ਸਭ ਕੁਝ' ਦਾ ਇਲਮ ਸੀ,
ਜਿੰਦੇ ! ਔਹ ਜੋ ਮੇਰੀ ਉਲਫ਼ਤ ਹੈ ਨਾ...
'ਰਾਤ ਰਾਣੀ' ਵਰਗੀ
ਹੋਰ ਮਹਿਕਦੀ ਜਾਵੇ
ਪਰ ਜੜਾਂ 'ਚ ਮੇਰੇ ਹਕੀਕਤ
ਦੇ ਫਨੀਅਰ ਨੇ—
ਕੁਝ ਦੁੱਖਦਾ ਹੈ, ਕੀ ?
ਬਹੁਤ ਪੀੜ ਹੈ, ਕਿਉਂ ?
ਤੂੰ ਮੇਰੀ ਜਾਨ ਲੈ ਕੇ, ਛੱਡਣੀ ਏ
ਪਰ ਮੈਂ ਤੈਨੂੰ ਕਦੇ ਵੀ, ਕੁਝ ਵੀ
ਭੁੱਲਣ ਤਾਂ ਨਹੀਂ ਦੇਣਾ,
ਜਦ ਤੈਨੂੰ ਮੇਰੇ, ਨਾਸ਼ਬਦੇ, ਕੋਰੇ ਖ਼ਤ
ਮੌਸੂਲ ਹੋਣਗੇ,
ਤਾਂ ਉਦੋਂ ਤੂੰ ਮੈਨੂੰ, ਬੜੇ 'ਹੱਕ'
ਲਿਖ ਲਿਖ ਕੇ, ਇਰਸਾਲ ਕਰਨੇ ਨੇ
ਪਰ ਮੈਂ ਫਿਰ ਤੇਰੇ, ਲੱਖ ਮਿੰਨਤਾਂ
ਕਰਨ ਤੇ ਵੀ,
ਉਹ ਹੱਕ ਨਹੀਂ ਵਰਤਣੇ...

## ਬਾਵਫ਼ਾ ਰਹੀਏ

ਪਿਆਰ ਮੇਰੇ ਦਿਲ 'ਚ
ਤੇਰੇ ਲਈ
ਲਬਾਲਬ ਭਰਿਆ ਪਿਆ ਹੈ,
ਮੈਂ ਬੋਚ ਬੋਚ, ਪੱਬ ਧਰਦੀ ਹਾਂ
ਮੈਂ ਸੋਚ ਸੋਚ, ਕੇ ਹੱਸਦੀ ਹਾਂ
ਡਰਦੀ ਡਰਦੀ ਨੱਚਦੀ ਹਾਂ
ਬੜੀਆਂ ਨਜ਼ਾਕਤਾਂ ਦੱਸਦੀ ਹਾਂ
ਮਤੇ ਮੇਰੀਆਂ ਅੱਖਾਂ ਚੋਂ ਛਲਕ ਨਾ ਪਵੇ
ਹਾਸਿਆਂ ਚੋਂ ਕਿਰ ਨਾ ਪਵੇ
ਬਸ, ਸਾਰੇ ਦਾ ਸਾਰਾ, ਮੇਰੇ ਕੋਲ ਰਵੇ
ਇਹ ਤੇਰਾ ਪਿਆਰ......
ਮੈਂ ਦਿਲ ਦੀਆ ਰਮਜ਼ਾਂ, ਖੋਲ੍ਹਦੀ ਨਹੀਂ
ਖਾਮੋਸ਼ ਹਾਂ, ਬੋਲਦੀ ਨਹੀਂ
ਵੇਖ ! ਮੈਂ ਕਹਿਰਾਂ ਦੇ ਹਿਜਰ 'ਚ ਵੀ
ਕਦੇ ਡੋਲਦੀ ਨਹੀਂ
ਤੂੰ ਦੂਰ ਹੋ ਕੇ ਨਜ਼ਦੀਕ ਹੈਂ
ਮੇਰੇ ਹਰ ਪਲ 'ਚ ਸ਼ਰੀਕ ਹੈਂ
ਤੇਰੀ ਸਹੁੰ ਮੈਂ ਤੇਰੇ ਪ੍ਰਤੀ
ਵਫ਼ਾਦਾਰ ਹਾਂ...
ਬਸ ਹੋਰ ਕੁਝ ਨਹੀਂ
ਪਰ ਬਹੁਤ ਬੇਜ਼ਾਰ ਹਾਂ—
ਚੱਲ ਆ ! ਇਕ ਦੂਜੇ ਦੇ ਸਭ ਰਾਜ਼ਾਂ ਨੂੰ
ਜੰਦਰੇ ਲਾ ਕੇ, ਚਾਬੀ ਵਟਾ ਲਈਏ
ਤਾਉਮਰ, ਬਾਵਫ਼ਾ ਰਹੀਏ
ਮੌਤ ਤੱਕ ਜੁਦਾ ਰਹੀਏ

## ਦੱਸ ਕਿਵੇਂ ?

ਕਾਸ਼ !
ਕਿ ਤੂੰ ਮੇਰੀਆਂ ਚੁਰਾਸੀ ਲੱਖ ਜੂਨਾਂ ਚੋਂ
ਕਿਸੇ ਵੀ ਜਨਮ ਮੇਰੇ ਨਾਲ ਹੋਵੇਂ
ਵੇਖ ਮੇਰੀ ਹਾਲਤ ! ਲਿਲੜੀਆਂ ਕਢੇਂ
ਹਿਚਕੀਆਂ ਭਰੇਂ ਤੇ ਵਾਲ ਪੁੱਟ ਕੇ ਰੋਵੇਂ
ਹਰ ਇਕ ਅਸ਼ਕ, ਤੇਰਾ ਨਾਂ ਲੈ ਕੇ ਵਗ੍ਹਿਆ ਹੈ
ਕਹਿੰਦੇ ਨੇ ਸਾਵਣ ਚੜ੍ਹਿਆ ਹੈ...
ਮੇਰੇ ਅੰਦਰ ਬੇਬਸੀਆਂ ਦਾ ਸਾੜ
ਮੈਂ ਘੂਰਾਂ ਛੱਤਾਂ ਨੂੰ ਅੱਖਾਂ ਪਾੜ ਪਾੜ
ਤੂੰ ਮੇਰੀ ਰੂਹ ਨੂੰ ਗਹਿਰੀ ਸੱਟ ਦਿਤੀ ਹੈ
ਤੇ ਤੇਰੇ ਨਿਹੁੰ ਨੇ, ਮੇਰੀ ਜੀਭ ਕੱਟ ਦਿਤੀ ਹੈ...
ਮੇਰਾ ਜਨੂਨ ਅੱਖਾਂ 'ਚ ਉੱਤਰ ਆਂਦਾ ਹੈ
ਜਦ ਕੋਹਿਆਂ 'ਚ ਚੇਤਾ, ਖੁੱਭਦਾ ਜਾਂਦਾ ਹੈ
ਫਿਰ ਮੇਰੇ ਦੰਦ ਗੁੱਸਾ ਚੱਬਦੇ ਨੇ
ਤੇ ਹੱਥ ਰੋਜ਼ 'ਇਕ' ਯਾਦ ਦਾ
ਮੁਰਦਾ ਦੱਬਦੇ ਨੇ
ਮੈਨੂੰ ਤੂੰ ਇਹ ਕੇਹਾ, ਝੱਲ ਪਾ ਛੱਡਿਆ ਹੈ
ਕਿ ਹਰ ਹੁੰਗਾਰੇ 'ਚ
ਹੌਕਾ ਰਲਾ ਛੱਡਿਆ ਹੈ
ਤੇਰੇ ਬਗੈਰ ਵੀ ਮੈਨੂੰ ਤੇਰੀ ਆਦਤ ਹੈ,
ਪਰ ਤੂੰ ਦੱਸ ਕਿਵੇਂ
ਮੇਰੇ ਬਗੈਰ ਵੀ ਸਾਬਤ ਹੈਂ ?

## ਅਸੀਂ ਲੋਗ

ਆਪ ਹੁੱਦਰੇ ਲੋਗ, ਆਪਣੇ ਬੇਤੁੱਕ ਇਨਕਸ਼ਾਫ ਨਾਲ
ਜ਼ਿੰਦਗੀਆਂ ਚੋਂ, ਰਹਿੰਦਾ ਖੂੰਦ੍ਹਾ ਯਕੀਨ ਵੀ
ਬਲੌਟਿੰਗ ਪੇਪਰ ਵਾਂਗ ਜਜ਼ਬ ਕਰ ਲੈਂਦੇ ਨੇ
ਤੇ ਅਸੀਂ ਲੋਗ ਅਪਨੀ ਰੂਹ ਦੇ ਸ਼ਫਾਕ ਜਹੇ ਦਾਮਨ ਤੇ
ਲੱਗਿਆ ਦਾਗ਼ ਧੋਂਦੇ ਧੋਂਦੇ, ਸਾਂਭਦੇ ਸਾਂਭਦੇ...
ਇਹ ਭੁੱਲ ਜਾਂਦੇ ਹਾਂ ਕਿ ਇਹ ਦਾਗ਼
ਸਾਡੇ ਹੱਕ ਦਾ ਨਹੀਂ ਸੀ,
ਤੇ ਜਦੋਂ ਅਸੀਂ ਅਪਨੀ ਕਿਸੇ ਜਾਇਜ਼ ਖਾਹਿਸ਼ ਨੂੰ
ਨਾਜ਼ਾਇਜ਼ ਸ਼ਰਤ ਹੇਠਾਂ ਦਬਾ ਕੇ ਮਾਰ ਦਿੰਦੇ ਹਾਂ
ਉਦੋਂ ਅਸੀਂ ਉਮਰ ਭਰ ਦੀ, ਬੇਬਸੀ ਕਮਾ ਲੈਂਦੇ ਹਾਂ
ਫਿਰ ਇਹ ਬੇਬਸੀ ਦਾ ਸਿਲਸਿਲਾ...
ਉਦਰੇਵਿਆਂ ਤੋਂ ਸਿਵਾ, ਹੋਰ ਕੁਝ ਨਹੀਂ ਦੇ ਸਕਦਾ
ਅਸੀਂ ਲੋਗ ਕਦੇ ਵੀ ਮੁਹੱਬਤ ਨਹੀਂ ਕਰ ਸਕਦੇ
ਜਾਂ ਬਗ਼ਾਵਤ ਕਰਦੇ ਹਾਂ, ਤੇ ਜਾਂ
ਖਾਮੋਸ਼ ਇਬਾਦਤ ਕਰਦੇ ਹਾਂ......

## ਤੰਦ ਇਕਹਰੀ ਨਿਹੁੰ ਦੀ

ਤੇਰਾ ਹਰ ਫਰੇਬ, ਤੇਰੀ ਖੂਬਸੂਰਤੀ ਨੂੰ
ਚਾਰ ਚੰਨ ਲਾ ਰਿਹਾ ਹੈ,
ਤੇ ਤੇਰੇ ਲਈ ਮੇਰੀ ਕਸ਼ਮਕਸ਼ ਨੂੰ
ਹੋਰ ਵਧਾ ਰਿਹਾ ਹੈ,
ਦਿਨ ਭਰ ਦੀ ਖੱਜਲ ਖੁਆਰੀ ਤੋਂ ਬਾਦ ਵੀ
ਮੇਰੇ ਚਿਹਰੇ ਤੇ, ਤੇਰੀ ਕਾਫਿਰ ਨਜ਼ਰ ਦਾ
ਤਲਿਸਮ ਬਰਕਰਾਰ ਹੈ,
ਇਹ ਕਿਹੋ ਜਿਹਾ ਪਿਆਰ ਹੈ...?
ਕਿ ਉਮਰਾਂ ਬੱਧੀ, ਨਿਹੁੰ ਦੀ ਇਕਹਰੀ ਤੰਦ ਦੇ
ਇਕ ਸਿਰੇ ਤੋਂ ਮੈਂ, ਆਪਣੀ ਉਮਰ ਦੇ ਕਈ ਸਾਲ
ਮੋਤੀਆਂ ਵਾਂਗ ਪਰੋ ਛੱਡੇ ਨੇ,
ਪਰ ਦੂਜਾ ਸਿਰਾ, ਤੂੰ ਕਦੇ ਫੜਿਆ ਹੀ ਨਹੀਂ...
ਤੇ ਮੇਰੀ ਉਮਰ ਦੇ ਸਾਲ, ਤੇਰੀ ਜ਼ਿੰਦਗੀ ਦੇ ਥਾਲ ਵਿਚ
ਮੋਤੀਆਂ ਵਾਂਗ ਕਿਰਦੇ ਰਹੇ...
ਮੈਂ ਇਸ ਇਕਹਰੀ ਤੰਦ ਤੇ ਤੁਰ ਕੇ ਵੇਖਿਆ ਹੈ
ਜਿਵੇਂ ਤਲਵਾਰ ਦੀ ਧਾਰ ਤੇ ਨੰਗੇ ਪੈਰ ਤੁਰੀਦਾ ਹੈ,
ਅਰਸ਼ ਤੋਂ ਲੈ ਕੇ ਫਰਸ਼ ਤੀਕ ਲੰਬੀ,
ਕਦੇ ਮੁੱਕੀ ਨਹੀਂ, ਕਦੇ ਟੁੱਟੀ ਨਹੀਂ
ਪਰ ਮੈਂ ਬੇਪਨਾਹ ਜ਼ਖ਼ਮ
ਇਸੇ ਨਾਲ ਹੀ, ਸੀ ਛੱਡੇ ਨੇ...

## ਕਸੂਤੇ ਜਜ਼ਬਾਤ

ਜਜ਼ਬਾਤ ਬੜੇ ਔਂਤਰੇ ਹੁੰਦੇ ਨੇ
ਥਾਂ ਥਾਂ ਕਸੂਤਿਆਂ ਮਾਰਦੇ ਨੇ,
ਵਕਤ ਖੜਾ ਕੁੱਤਾ ਹੈ ਦੋਸਤਾ
ਤੇ ਇਰ ਪੀੜ ਹਰਾਮਣ
ਕੁਝ ਕਰਨ ਨਹੀਂ ਦਿੰਦੀ,
ਵਰਨਾ ਮੈਂ ਤੈਨੂੰ ਹਰੇਕ ਦੀ ਹਿੱਕ ਚੋਂ
ਲੱਭ ਲੱਭ ਕੇ ਮਾਰਨਾ ਹੈ,
ਜੱਗ ਤੈਨੂੰ ਗੁਨਾਹਗਾਰ ਆਖਦਾ ਹੈ
ਪਰ ਮੈਂ ਕਿਉਂ ਨਹੀਂ ?
ਜਾਂ ਸ਼ਾਇਦ ਕਿ ਤੂੰ ਵਫ਼ਾ
ਸਿਰਫ ਮੇਰੇ ਨਾਲ ਹੀ ਕੀਤੀ ਹੈ,
ਤੇ ਯਾਂ ਫਿਰ ਤੇਰੇ ਸੁਭਾਅ ਨੂੰ
ਵਫ਼ਾ ਤੇ ਜਫ਼ਾ ਦੀ ਤਮੀਜ਼ ਨਹੀਂ,
ਸੁਫਨੇ ਬੜੇ ਕਮੀਨੇ ਹੁੰਦੇ ਨੇ
ਹਕੀਕਤਾਂ ਤੋਂ ਇਨ੍ਹਾਂ ਦੀ ਦੂਰੀ
ਅਟੱਲ ਹੈ,
ਇਹ ਤਾਂ ਕਲਯੁੱਗ ਨੂੰ ਸਰਾਪ ਹੈ
ਕਿ ਜੋ ਨਾਤੇ ਸੱਚ ਦੀ ਛਾਵੇਂ ਪਲਦੇ ਨੇ,

ਉਨ੍ਹਾਂ ਨੂੰ ਇਹ, ਇਲਜ਼ਾਮਾਂ ਦੀ ਸੜਦੀ
ਧੁੱਪ 'ਚ ਘਸੀਟ ਕੇ ਮਾਰ ਦਿੰਦਾ ਏ,
ਇਹ ਅੱਥਰੂ ਹਰਾਮ ਖ਼ੋਰ
ਜਿਗਰ ਦਾ ਖ਼ੂਨ ਪੀਂਦੇ ਨੇ,
ਪਰ ਰੋਕਿਆਂ ਨਹੀਂ ਰੁੱਕਦੇ,
ਇਹ ਸਾਰਾ ਸਿਆਪਾ ਹੈ
ਮੇਰੇ ਗੀਤਾਂ ਦਾ,
ਕਿ ਰਿਸ਼ਤਿਆਂ ਦੇ ਥੰਨੇ ਤੇ ਹੱਥ ਰੱਖ ਕੇ
ਉੱਚੀਆਂ ਅੱਡੀਆਂ ਚੁੱਕ ਕੇ,
ਅਹਿਸਾਸਾਂ 'ਚ ਝਾਤੀ ਮਾਰਦੇ ਮਾਰਦੇ
ਮੋਹ ਦੇ ਅੰਨ੍ਹੇ ਖੂਹ 'ਚ
ਡੁੱਬ ਮਰੇ......

# ਦੀਦਾਰ ਭਿੱਜੀਆਂ ਅੱਖਾਂ

ਬੇਬੁਨਿਆਦ ਖ਼ੌਫ ਨੇ ਮੇਰੇ ਪਿੱਛੇ
ਅਹਿਸਾਸ ਦੇ ਸ਼ਿਕਾਰੀ, ਖ਼ੂੰਖਾਰ
ਕੁੱਤੇ ਛੱਡੇ ਹੋਏ ਨੇ
ਜੋ ਸਰਪਟ ਅੰਨ੍ਹੇਵਾਹ ਦੌੜਦੇ
ਮੇਰੀ ਪੈੜ ਸੁੰਘਦੇ ਸੁੰਘਦੇ
ਮੇਰੀ ਨਜ਼ਰ 'ਚ ਪਲਦੇ ਮਾਸੂਮ ਨਿਹੁੰ ਦੇ
ਚਿੱਟੇ ਪੰਛੀ ਖਾ ਜਾਂਦੇ ਨੇ
ਤੇ ਉਦੋਂ ਮੈਂ ਆਪਣੀ
ਹਫ਼ੀ ਹੋਈ, ਥੱਕੀ ਹੋਈ
ਦੌੜਦੀ, ਲੁੱਕਦੀ, ਛੁੱਪਦੀ ਸੋਚ ਨੂੰ
ਤੇਰੇ ਸਪੁਰਦ ਕਰਨਾ ਚਾਹਵਾਂ
ਪਰ ਤੂੰ ਕਿੱਥੇ ਹੈਂ, ਕਿਵੇਂ ਹੈ ?
ਤੇ ਫਿਰ ਮੈਂ ਚਿਲਚਿਲਾਂਦੀ ਧੁੱਪ 'ਚ
ਸੜਕ ਤੇ ਬੇਤਹਾਸ਼ਾ ਦੌੜਾਂ
ਹਰ ਨੁੱਕੜ, ਹਰ ਗਲੀ, ਹਰ ਸ਼ਹਿਰ ਵੇਖਾਂ
ਪਰ ਤੈਨੂੰ ਲੱਭ ਲੈਣਾ, ਹੁਣ ਮੇਰੇ ਵੱਸ ਦੀ ਗੱਲ ਨਹੀਂ
ਮੈਂ ਟੱਕਰਾਂ ਮਾਰਾਂ, ਅਵਾਜ਼ਾਂ ਮਾਰਾਂ
ਪਰ ਹੁਣ ਤੇਰੇ ਉੱਤੇ ਮੇਰੇ ਚੀਕਣ ਦਾ ਵੀ
ਕੋਈ ਅਸਰ ਨਹੀਂ ਹੁੰਦਾ
ਤੇ ਮੇਰਾ ਕੋਈ ਵੀ ਪਲ, ਰੋਏ ਬਗੈਰ ਬਸਰ ਨਹੀਂ ਹੁੰਦਾ
ਪਰ ਜਦੋਂ ਕਦੇ ਤੈਨੂੰ ਦੂਰੋਂ ਵੇਖਾਂ

ਪਲ ਕੁ ਤੇਰਾ ਰੂਪ ਸੇਕਾਂ, ਤਾਂ
ਡੁੱਬ ਮਾਰ ਕੇ ਰੋਣ ਵਾਂਗ, ਹੱਸ ਪਵਾਂ
ਤੇ ਫਿਰ ਘੁੱਟ ਕੇ ਅੱਖਾਂ ਮੀਟਾਂ
ਤੇ ਬਗੈਰ ਕੋਈ ਦਿਸ਼ਾ ਮਿੱਥੇ, ਨੱਸ ਪਵਾਂ—
ਕਿਤੇ ਕੋਈ, ਮੇਰੀਆ ਅੱਖਾਂ ਖੁਲਵਾ ਕੇ
ਤੇਰਾ ਅਕਸ ਨਾ ਵੇਖ ਲਵੇ
ਫਿਰ ਮੈਨੂੰ ਕੋਈ ਜਗ੍ਹਾ ਨਹੀਂ ਲਭਦੀ
ਲੁੱਕਣ ਨੂੰ, ਤੇ ਮੇਰੇ ਲਈ
ਕੋਈ ਵੀ ਆਪਣੇ ਘਰ ਦਾ, ਦਰਵਾਜ਼ਾ ਨਹੀਂ ਖੋਲਦਾ
ਫਿਰ ਮੈਂ ਸੜਕ ਤੇ ਬਹਿ ਜਾਵਾਂ
ਦੋਹਾਂ ਹੱਥਾਂ ਨਾਲ ਅਪਨੇ ਵਾਲਾਂ ਨੂੰ
ਫੜ ਲਵਾਂ......
ਪਲ ਕੁ ਸੋਚਾਂ
ਉੱਥੇ ਹੀ ਟੋਇਆ ਪੁੱਟਾਂ
ਤੇਰੇ ਦੀਦਾਰ ਨਾਲ ਭਿੱਜੀਆਂ
ਆਪਣੀਆਂ ਅੱਖਾਂ, ਆਪਣੇ ਹੱਥਾਂ ਨਾਲ
ਕੱਢਾਂ ਤੇ ਦੱਬ ਦੇਵਾਂ—

## ਸੈਲਫ ਮਕੈਨਿਕ

ਲੋਗ ਦੋਸਤੀ ਤੋਂ ਮੁਹੱਬਤ ਤੱਕ ਪਹੁੰਚਦੇ ਨੇ
ਪਰ 'ਹੋਣੀ' ਨੇ ਮੈਥੋਂ
ਮੁਹੱਬਤ ਤੋਂ ਦੋਸਤੀ ਤੱਕ ਦਾ, ਸਫ਼ਰ ਕਰਾਇਆ ਹੈ
ਤੇਰੀਆਂ ਹਿਮਾਕਤਾਂ ਨੇ, ਤੈਨੂੰ ਤਮਾਸ਼ਬੀਨ
ਤੇ ਮੈਨੂੰ ਤਮਾਸ਼ਾ ਬਣਾਇਆ ਹੈ
ਪਰ ਮੇਰੇ ਕੋਲ ਹੌਂਸਲਿਆਂ ਦਾ 'ਟੂਲ ਬਾਕਸ' ਹੈ
ਕਿਉਂ ਕਿ ਮੈਂ, ਸੈਲਫ ਮਕੈਨਿਕ ਹਾਂ
ਜਿਵੇਂ ਜੰਗ ਵਿਚ ਮਰਨ ਮਾਰਨ ਲਈ ਲੜਦਾ
ਕੋਈ ਸੈਨਿਕ ਹਾਂ
ਹੁਣ ਮੇਰੇ ਲਈ ਕੋਈ ਵੀ ਦਰਦ ਲਾਜ਼ਮੀ ਹੈ
ਪਰ ਔਖਾ ਨਹੀਂ
ਮੇਰੇ ਨਾਲ ਇਹ ਸਫ਼ਰ ਕਰਨਾ
ਤੇਰੇ ਲਈ ਸੌਖਾ ਨਹੀਂ ।

## ਹਾਫ਼ਿਜ਼ਾ

ਪਹਿਲਾਂ ਪਲ ਗਿਣੇ
ਫਿਰ ਦਿਨ ਗਿਣੇ, ਫਿਰ ਸਾਲ
ਤੇ ਸ਼ਾਇਦ ਹੁਣ ਮੈਂ ਜਨਮ ਗਿਣਾਂ
ਜਾਂ ਤੇ ਹਯਾਤੀ ਮੁਕੇ ਤੇ ਜਾਂ ਫਿਰ
ਗਿਣਤੀ ਭੁਲ ਜਾਵੇ
ਇਹ ਅਜ਼ਾਬ ਵਰਗਾ ਹਾਫ਼ਿਜ਼ਾ
ਜ਼ਿੰਦਗੀ ਚੋਂ ਤਸ਼ੱਦੁਦ ਖ਼ਤਮ ਨਹੀਂ ਹੋਣ ਦਿੰਦਾ
ਜਦੋਂ ਵੀ ਮਾਜ਼ੀ ਦੀਆਂ ਸੱਟਾਂ
ਭਰਨ ਲੱਗਦੀਆਂ ਨੇ
ਤਾਂ ਇਹ ਫਿਰ ਕੋਈ ਪਾਕ ਜਿਹਾ ਗੁਨਾਹ ਕਰਵਾ ਦੇਵੇ
ਬੀਤੇ ਦੀ ਕੰਧ ਨਾਲ ਟੱਕਰ ਮਾਰ ਕੇ
ਮੱਥੇ ਤੇ ਰੋੜਾ ਪਾ ਲਵੇ
ਪਲ, ਦਿਨ, ਸਾਲ, ਜਨਮ
ਸਭ ਮੁੱਕ ਜਾਣੇ ਨੇ, ਮੇਰੇ ਸਮੇਤ
ਪਰ ਪਤਾ ਨਹੀਂ ਇਹ
ਸਿਰਫ ਤਵੀਲ ਇੰਤਜ਼ਾਰ ਹੈ ਜਾਂ ਅਮੁੱਕ ਹਿਜਰ
ਬੇ-ਸਿਰ ਪੈਰ ਦਾ ਫਿਕਰ
ਗਲ ਕਦੇ ਨਿਬੜੀ ਨਹੀਂ...।

# ਪੰਜ ਇਸ਼ਕ

ਹਮੇਸ਼ਾਂ ਗੁਰਬਤਾਂ, ਗ਼ਫਲਤਾਂ ਤੇ
ਜ਼ਿਆਦਤੀਆਂ ਦਾ ਖ਼ਿਆਲ
'ਗ਼ਮ' ਨੂੰ ਦਿਲ ਵਾਂਗ
ਧੜਕਾਉਂਦਾ ਹੈ
ਬਾਦਸ਼ਾਹ ਬਾਪ ਦੇ ਹੱਥਾਂ ਵਿੱਚ
'ਮੁਸ਼ੱਕਤਾਂ ਦੇ ਛਾਲੇ'
ਮੇਰਾ ਪਹਿਲਾ ਇਸ਼ਕ ਨੇ
ਵੀਰ ਦੀ ਬੇਪਰਵਾਹ ਤਬੀਅਤ
ਮੇਰਾ ਦੂਜਾ ਇਸ਼ਕ
ਭੈਣਾਂ ਸੋਹਣੀਆਂ ਦੇ ਫਿਕਰ, ਮੇਰਾ ਤੀਜਾ
ਤੇ ਮਾਂ ਦੀਆਂ ਕਿਰਸਾਂ ਤੇ ਹਿਰਖ਼
ਮੇਰਾ ਚੌਥਾ ਇਸ਼ਕ ਨੇ
ਬੇਨਿਆਜ਼ ਜਿਹੇ ਦੋਸਤਾਂ ਦੀ ਭੀੜ 'ਚ
ਤੂੰ ਮੇਰਾ ਪੰਜਵਾਂ ਇਸ਼ਕ...
ਜਿਵੇਂ ਪੰਜ ਦਰਿਆ ਮੇਰੇ ਅੰਦਰ
ਠਾਠਾਂ ਪਏ ਮਾਰਦੇ ਨੇ ...।

## ਅਸੀਂ ਗੁਆਚ ਗਏ ਹਾਂ

ਅਸੀਂ ਅਪਣੇ ਚਿਹਰਿਆਂ ਤੇ
ਇਕ ਦੂਜੇ ਦੀ ਗੁੰਮਸ਼ੁਦਗੀ ਦਾ
ਇਨਾਮੀ ਇਸ਼ਤਿਹਾਰ ਲਾ ਕੇ, ਘੁੰਮ ਰਹੇ ਹਾਂ
ਕਹਿਣ ਨੂੰ ਤਾਂ ਬੜੇ ਇਨਕਲਾਬੀ ਹਾਂ
ਪਰ ਗਲੇ 'ਚ ਪਟ੍ਹਾ ਪਾ ਕੇ
ਅਪਣੇ ਅਪਣੇ ਫਰਜ਼ਾਂ ਦੀ ਧਰਤੀ, ਸੁੰਘ ਰਹੇ ਹਾਂ
ਤਾਹਨਿਆਂ ਤੇ ਮਿਹਣਿਆਂ ਦੀ
ਨਦੀ ਪਾਰ ਕਰਨ ਲਈ
ਕੰਢੇ ਤੇ ਖਲੋ ਕੇ ਪੌਚਿਆਂ ਨੂੰ ਅਪਣੇ, ਟੁੰਗ ਰਹੇ ਹਾਂ
ਪੱਤੇ ਵਾਂਗ ਕੰਬਦੀ ਰੂਹ ਤੇ ਲਿਖੀ
ਖੁਸ਼ਬੂ ਦੀ ਇਬਾਰਤ ਲੈ ਕੇ
ਚੁੱਪ ਦੇ ਬੀਆਬਾਨਾਂ ਵਿਚ, ਗੁੰਮ ਗਏ ਹਾਂ...।

## ਪਿਆਜ਼

ਹੈਰਾਨੀ ਦੀ ਗੱਲ ਹੈ
ਕਿ ਪਹਿਲਾਂ ਮੇਰੀ ਹਰ ਤਹਿਰੀਰ
ਮੇਰੀ ਨਜ਼ਰ, ਮੇਰੇ ਸੁਫਨੇ ਪੜ੍ਹਦੀ ਸੀ
ਮੇਰੀ ਮਾਂ
ਪਰ ਹੁਣ ਉਸ ਕੋਲ ਵਕਤ ਨਹੀਂ
ਮੈਨੂੰ ਸੁਣਨ ਦਾ
ਸ਼ਾਇਦ ਉਹ ਸਾਡੇ ਭਵਿੱਖ ਦੀ ਉਸਾਰੀ 'ਚ
ਮਸਰੂਫ ਰਹਿੰਦੀ ਹੈ
ਬੜੀ ਮਿਹਨਤ ਕਰਦੀ ਹੈ
ਸਭ ਕੁਝ ਕਹਿੰਦੀ ਹੈ
ਪਰ ਸੁਣਨਾ ਭੁੱਲ ਜਾਂਦੀ ਹੈ
ਤੇ ਪਿਆਰ ਬਣ ਕੇ
ਨੈਣਾਂ 'ਚ ਘੁੱਲ ਜਾਂਦੀ ਹੈ
ਤੇ ਮੈਂ ਹਮੇਸ਼ਾਂ ਭਿੱਜੀਆਂ ਅੱਖਾਂ ਨਾਲ
ਉਹਨੂੰ ਮੁਸਕਰਾ ਕੇ ਵੇਖਿਆ ਹੈ
ਅੱਜ ਉਸ ਨੂੰ ਮੈਂ ਕਵਿਤਾ ਸੁਣਾਨ ਲੱਗੀ
'ਬੇਮਤਲਬ ਤਹਿਰੀਰਾਂ ਨੇ'
ਤਾਂ ਕੋਈ ਹੁੰਗਾਰਾ ਦੇਣ ਦੀ ਬਜਾਇ
ਉਸ ਕਿਹਾ,
'ਪਿਆਜ਼ ਮਹਿੰਗੇ ਹੋ ਗਏ ਨੇ
ਪਰ ਮੈਨੂੰ ਸਸਤੇ ਮਿਲ ਗਏ ਨੇ'
ਹਾਂ—ਕਿੱਡਾ ਸੱਚ ਹੈ ਕਿ
'ਬੇਮਤਲਬ ਤਹਰੀਰਾਂ ਨੇ'
ਮਾਂ ਦੇ ਹੁੰਗਾਰੇ ਬਗੈਰ —।

## ਖ਼ੌਫ ਦੀ ਚੁੜੇਲ

ਜਦ ਕਦੀ ਵੀ ਮੇਰੇ ਦੁਆਲੇ
ਭੂਤ ਭਤਾਨੇ ਨੱਚਦੇ ਨੇ,
ਤਾਂ ਮੇਰੇ ਗੀਤ, ਅੱਗ ਵਾਂਗ ਮੱਚਦੇ ਨੇ,
ਪਰ 'ਖ਼ੌਫ ਦੀ ਚੁੜੇਲ' ਦਾ ਝਾਟਾ
ਅੱਧਾ ਚਿੱਟਾ ਅੱਧਾ ਕਾਲਾ,
ਮੈਂ ਕਿਸੇ ਦਿਨ ਫੜ ਲੈਣਾ,
ਮੈਨੂੰ ਜੇਠ ਹਾੜ 'ਚ ਕਾਂਬਾ ਛਿੜੇ
ਤੇ ਉਹ ਮੇਰੇ ਲਈ, ਪਾਟੀ ਰਜਾਈ
ਅਪਣੇ ਵਾਲਾਂ ਨਾਲ ਸੀਵੇ,
ਫਿਰ ਮੇਰੇ ਜ਼ਖ਼ਮ ਖਰੋਂਚੇ
ਉਤੇ ਅਪਣਾ ਥੁੱਕ ਲਾਵੇ,
ਮੇਰੇ ਹੰਝੂਆਂ 'ਚ ਨਹਾਵੇ,
ਰਾਤੀਂ ਡੱਡੂਆਂ ਦੇ ਪੈਰੀਂ, ਝਾਂਜਰ ਬੰਨ੍ਹੇ ਤੇ
ਮੇਰੇ ਜੁਗਨੂੰਆਂ ਨੂੰ ਭੁੰਨ ਭੁੰਨ ਖਾਵੇ,
ਮੇਰੇ ਅਣਲਿਖੇ ਗੀਤ ਗਾਵੇ
ਤੇ ਮੈਨੂੰ ਡਾਢਾ ਸਰੂਰ ਆਵੇ,
ਪਰ ਮੈਂ ਇਹਨੂੰ ਅਪਣੇ ਮਗਰੋਂ
ਲੱਥਣ ਕਿਵੇਂ ਦੇਵਾਂ,

ਮੈਨੂੰ ਇਦੀ ਲੱਤ ਹੈ
ਵਰਨਾ ਮੈਂ ਕੁਝ ਵੀ ਕਹਿ ਨਹੀਂ ਸਕਦਾ
ਉਦੇ ਪੈਰ ਕੋਈ ਨਾ
ਉਦੀ, ਹੱਦ ਕੋਈ ਨਾ
ਬਸ ਅਹਿਸਾਸ ਦੀ ਪੈਦਾਵਾਰ
ਤੇ, ਤੇਰੀ ਸੋਚ...ਕਿੱਡੀ ਬੀਮਾਰ
ਕਿੱਡੀ ਦੁਸ਼ਵਾਰ
ਜਿਦਾ, ਕੋਈ ਹੱਲ਼ ਨਹੀਂ
ਤੇ ਮੈਨੂੰ ਇਹ ਚੁੜੇਲ
ਭਜਾਉਣ ਦਾ ਵੱਲ਼ ਨਹੀਂ—

## ਜੁਰਮ

ਸ਼ਾਇਦ ! ਮੈਂ ਕਈ ਜੁਰਮ ਕੀਤੇ ਹੋਣਗੇ
ਰੰਗੀਨ ਵੀ, ਸੰਗੀਨ ਵੀ
ਇਹ ਇਤਫ਼ਾਕ ਹੈ ਜਾਂ ਕਿਸਮਤ
ਕਿ ਫਿਰ ਵੀ ਮੇਰਾ, ਕੋਈ ਕਸੂਰ ਨਹੀਂ—
ਕਿਉਂ ਜੋ
ਮੇਰੇ ਇਸ ਸੁਭਾਅ ਪਿੱਛੇ
ਤੇਰਾ ਹੱਥ ਹੈ—
ਮੈਂ ਜ਼ਿਹਨੀ ਤਸ਼ੱਦੁਦ ਦਾ ਸ਼ਿਕਾਰ ਹਾਂ
...ਮੈਂ ਬਹੁਤ ਬੀਮਾਰ ਹਾਂ
ਕਿਉਂਕਿ ਮੈਨੂੰ ਸਿਰਫ਼
ਖਰਵੇ ਹਰਫ਼ ਹੀ ਯਾਦ ਰਹੇ ਨੇ—
ਮੈਂ ਬਰਬਾਦ ਤੇ ਲੋਗ ਆਬਾਦ ਰਹੇ ਨੇ—
ਮੈਂ ਸੁਫ਼ਨੇ 'ਚ ਅੱਖ ਖੋਲੀ ਤੇ
ਸੁਫ਼ਨੇ 'ਚ ਹੀ ਬੰਦ ਕਰਨੀ ਹੈ —
ਮੈਨੂੰ ਪਤਾ ਹੈ ਕਿ ਤੈਨੂੰ
ਮੇਰੀ ਲੋੜ ਹੈ,
ਪਰ ਦੋਸਤਾ ! ਤੇਰੇ ਦਿੱਤੇ ਫਰੇਬ

ਮੈਨੂੰ ਵਡਾ ਨਹੀਂ ਕਰਨ ਦਿੰਦੇ—
ਤੇ ਤੇਰੇ ਕਾਤਿਲ, ਖ਼ੂਬਸੂਰਤ ਜਲਵੇ
ਮੈਨੂੰ ਮਰਨ ਨਹੀਂ ਦਿੰਦੇ—
ਤੈਨੂੰ ਫੁੱਲਾਂ ਨੂੰ ਦੰਦ ਮਾਰਨ ਦੀ
'ਗੇਜ਼ੁ' ਪੈ ਗਈ ਹੈ—
ਪਰ ਕਿਸੇ ਦਿਨ ਮੈਂ
ਤੇਰੀ ਨਜ਼ਰ ਦੀ ਤਿੱਤਲੀ,
ਫੜ ਕੇ ਮਾਰ ਦੇਣੀ ਹੈ
...ਸਾੜ ਦੇਣੀ ਹੈ—

## ਤੋਹਮਤਾਂ ਦਾ ਸਫ਼ਰ

ਬੀਤੇ ਲਮਹਿਆਂ ਦਾ ਚੇਤਾ
ਮੇਰੇ ਸਿਰ ਦੇ ਇਕ ਇਕ ਵਾਲ ਹੇਠਾਂ
ਇਲਜ਼ਾਮਾਂ ਦੇ ਮਨ੍ਹਾ, ਮੂੰਹੀ ਭਾਰ ਵਾਂਗ
ਦਿਮਾਗ 'ਚ ਲਟਕ ਜਾਵੇ
ਤੇ ਤੋਹਮਤਾਂ ਦੇ ਸਫ਼ਰ ਵਿਚ ਕਦੇ,ਕਦੇ
ਮੇਰਾ ਸਬਰ, ਬੇਕਾਬੂ ਹੋ ਕੇ
ਬੇਵਫਾ ਜਿਹੀ ਹਯਾਤੀ ਦੇ, ਰਸਤਿਆਂ ਤੇ
ਭਟਕ ਜਾਵੇ
ਪਰ 'ਫਰਜ਼' ਮੇਰੇ ਮੂੰਹ ਵਿਚ
ਦੰਦਾਂ ਦੀ ਦੀਵਾਰ ਚਿਣ ਕੇ
ਮੇਰੀ ਜ਼ੁਬਾਨ ਦੇ ਆਖਰੀ ਸਿਰੇ ਤੇ
ਚੂੰਡੀ ਲਾ ਦੇਵੇ
ਫਿਰ ਮੇਰੇ ਅੰਦਰ ਪੈਂਦਾ ਚੀਕ ਚਿਹਾੜਾ
ਹੌਲੀ ਹੌਲੀ ਅੱਖਾਂ ਚੋਂ ਸਿੰਮਦਾ ਹੈ
'ਅਹਿਸਾਸ' ਪੱਤੇ ਵਾਂਗ ਲਰਜ਼ਦਾ ਹੈ

ਕੰਬਦਾ ਹੈ
ਮੈਂ ਇਸ ਸਫ਼ਰ ਵਿਚ, ਹਰ ਰਿਸ਼ਤੇ ਦੀ
ਬੇਵਫਾਈ ਹੰਢਾਈ ਹੈ
ਗੁਨਾਹਾਂ ਦੇ ਰੂਪ ਵਿਚ
ਬੇਗੁਨਾਹੀ ਹੰਢਾਈ ਹੈ—

## ਪਰਿਭਾਸ਼ਾ

( ਬੇਜ਼ਮੀਰੇ ਨੂੰ— )

ਕਾਸ਼ ! ਅਗਲੇ ਜਨਮ ਵਿਚ
ਮੈਂ ਤੇਰੇ ਘਰ ਪੈਦਾਂ ਹੋਵਾਂ
ਤੇਰੀ ਧੀ ਬਣ ਕੇ
ਫਿਰ ਤੈਨੂੰ ਮੁੱਢ ਤੋਂ ਮੇਰੀ 'ਇਜ਼ਤ' ਦੀ
ਫਿਕਰ ਰਹੇਗੀ
ਜਿਵੇਂ ਹੁਣ ਤੂੰ ਪਰ੍ਹੇ ਵਿਚ ਬੈਠ
ਚੰਦਰਿਆਂ ਵਾਂਗ, ਅਪਣੇ ਹਿਮਾਈਤੀਆਂ ਨਾਲ
ਬੇਚਾਰਗੀਆਂ ਤੇ ਹੱਸਦਾ ਹੈਂ ਤੇ ਬਦਨਾਮ ਕਰਦਾ ਹੈਂ
ਉਦੋਂ ਤੂੰ ਪਰ੍ਹੇ 'ਚ ਬੈਠਣ ਤੋਂ ਡਰੇਂਗਾ
ਤੇ ਹਰ ਪਲ, ਮੈਨੂੰ ਸਾਂਭ ਸਾਂਭ ਰੱਖਿਆ ਕਰੇਂਗਾ
ਮੇਰੇ ਅੱਗੇ, ਤੇਰੇ 'ਵਾਸਤੇ' ਹੋਣਗੇ
ਲਾਜ ਰੱਖਣ ਦੇ—
ਉਦੋਂ ਤੈਨੂੰ ਅਰਥ ਆਉਣਗੇ
ਇੱਜ਼ਤਾਂ ਢੱਕਣ ਦੇ—
ਫਿਰ ਉਸ ਜਨਮ ਵਿੱਚ
ਤੂੰ ਅਪਣੇ ਪੁੱਤਰ ਨੂੰ ਰੋਜ਼, ਬਾਰ-ਬਾਰ

ਆਖਿਆ ਕਰੇਂਗਾ—
ਇਹ ਤੇਰੀ ਭੈਣ ਹੈ
ਤੇ ਫਿਰ ਤੂੰ ਉਸ ਨੂੰ ਇਸ ਰਿਸ਼ਤੇ ਦੀ
ਪਰਿਭਾਸ਼ਾ ਦੱਸਣ ਲਈ
ਸਾਗਰ ਚੋਂ ਹੋ ਕੇ ਪਰਤਿਆ ਕਰੇਂਗਾ—
ਜਦ ਮੈਂ ਤੇਰੀ 'ਧੀ' ਹੋਵਾਂਗੀ
ਤਾਂ ਤੈਨੂੰ, ਬਿਨਾਂ ਸਮਝਾਏ ਹੀ
ਸਭ ਪਰਿਭਾਸ਼ਾਵਾਂ ਆ ਜਾਣੀਆਂ ਨੇ
ਕਾਸ਼!
ਮੈਂ ਤੇਰੀ ਧੀ ਹੁੰਦੀ।

## ਰੁਝੇਵੇਂ

ਪਿਆਰ ਨਾਲ ਢਿੱਡ ਨਹੀਂ ਭਰਦਾ
ਇੱਕੀਵੀਂ ਸਦੀ ਦੀ ਦੌੜ ਵਿੱਚ
ਅੱਗੇ ਵਧਣ ਦੀ ਹੋੜ ਵਿਚ
ਰੁਝੇਵੇਂ ਵੱਧ ਗਏ ਨੇ
ਮੇਲ ਘੱਟ ਗਏ ਨੇ—
ਲੋਹੇ ਦੇ ਸ਼ਹਿਰ 'ਚ ਰਹਿੰਦਿਆਂ ਵੀ
ਦਿਲਾਂ ਅੰਦਰ ਤਾਂਘ ਹੈ
ਅਪਣੇ ਅਣਟੁੱਟ ਜਿਹੇ, ਨਿਹੁੰ ਦੀ ਸਾਂਭ ਹੈ--
ਲੱਖ ਵਸੀਲੇ ਕਰੀਏ, ਹੀਲੇ ਕਰੀਏ
ਖ਼ਿਆਲ ਤਾਂ ਭੁੱਲਦਾ ਨਹੀਂ, ਪਰ ਹੁਣ
ਘੜੀ ਦੀਆਂ ਸੂਈਆਂ ਵਾਂਗ
ਇਕੋ ਵਾਰ ਮਿਲਦੇ ਹਾਂ, ਵਿਛੜਨ ਲਈ
ਜੁਦਾਈ ਦੀ ਮਿਆਦ ਮਿੱਥ ਕੇ
ਫਿੱਕਾ ਜਿਹਾ ਹੱਸ ਕੇ, ਸਭ ਝੂਠਾ ਜਿਹਾ ਦੱਸ ਕੇ
ਫਾਈਲਾਂ ਦਾ ਥੱਬਾ ਚੁੱਕ ਕੇ
ਅੰਦਰੋਂ ਅੰਦਰੀਂ ਮੁੱਕ ਕੇ
ਥੱਕੀ ਜਿਹੀ ਮੁਸਕਰਾਹਟ, ਜ਼ਿੰਦਾ ਰੱਖਣ ਲਈ
ਜ਼ਿੰਦਗੀ ਦੇ ਪਰਦੇ ਕੱਜਣ ਲਈ
ਦੀਦ ਦੇ ਭੁੱਖੇ, ਰੱਜਣ ਲਈ
ਹਫ਼ ਜਾਂਦੇ ਹਾਂ, ਥੱਕ ਜਾਂਦੇ ਹਾਂ
'ਸੂਰਜ' ਫਿਰ ਵੀ ਨਹੀਂ ਮਿਲਦਾ
ਦਿਲਾਂ ਦਾ ਚੁੱਪ ਪਾਣੀ
ਨਹੀਂ ਹਿਲਦਾ...

## ਯਕੀਨ ਜਾਣੀਂ

ਜਿਸ ਦਿਨ ਤੂੰ ਮੈਨੂੰ ਮਿਲੇਂ
ਮੈਂ ਉਹ ਤਾਰੀਖ ਸਾਂਭਾਂ
ਲਿਖਾਂ ਤੇ ਵੇਖਾਂ—
ਹੱਥਾਂ ਤੇ ਕਦੀ ਪੰਨਿਆਂ ਤੇ
ਕੰਧਾਂ ਤੇ ਕਦੀ ਬੰਨਿਆਂ ਤੇ
ਮੈਂ ਆਪਣੀ ਹੀ ਅੱਗ ਖਾਲਾਂ ਤੇ ਸੇਕਾਂ—
ਕੁਝ ਮੁਕੱਰਰ ਦਿਨਾਂ ਦੇ ਬਾਦ
ਤੇਰਾ ਦੀਦਾਰ—
ਹਰ ਵਾਰ ਜ਼ਿੰਦਗੀ ਦੀ ਕਰੇ
ਨਵੀਂ ਸ਼ੁਰੂਆਤ—
ਕਦੀ ਰੋਵਾਂ ਕਦੀ ਹੱਸਾਂ—
ਚਲ ਛੱਡ ਪਰੇ, ਕੀ ਦੱਸਾਂ—
ਯਾਦਾਂ ਦੀ ਰਿਮ ਝਿਮ ਬਰਸਾਤ—
ਕੀ ਦਿਨ ਤੇ ਕੀ ਰਾਤ—
ਸਭ ਭੁੱਲ ਜਾਂਦਾ ਹੈ,
ਤੇਰੇ ਆਣ ਦੇ ਖ਼ਿਆਲ ਵਿਚ
ਹਯਾਤੀ ਬੀਤਦੀ ਜਾਵੇ—
ਦਿਲ ਕੀ ਦੱਸੇ ਕੀ ਲੁਕਾਵੇ
ਸਭ ਜ਼ਾਹਿਰ ਹੈ, ਜੋ ਮੇਰੇ ਧੁਰ ਅੰਦਰ ਹੈ
ਉਹ ਬਾਹਰ ਹੈ—
ਯਕੀਨ ਜਾਣੀਂ, ਮੈਨੂੰ ਤੇਰੇ ਨਾਲ ਬੇਇੰਤਹਾ
ਪਿਆਰ ਹੈ—

## ਮ੍ਰਿਗ ਤ੍ਰਿਸ਼ਨਾ

ਮੈਨੂੰ ਤਾਂ ਕਈ ਵਰ੍ਹੇ ਹੋਏ
ਮ੍ਰਿਗ ਤ੍ਰਿਸ਼ਨਾ ਹੰਢਾਂਦਿਆਂ
ਪਰ ਮੈਨੂੰ ਕੋਈ ਗਿਲਾ ਨਹੀਂ, ਸ਼ਿਕਵਾ ਨਹੀਂ
ਮੇਰੇ ਨਾਲ 'ਹਯਾਤੀ' ਨੂੰ ਪਤਾ ਨਹੀਂ ਕਿਹੜੀ
ਫਿੱਕ ਹੈ—
ਇਹ ਮੇਰੇ ਮੱਥੇ ਦਾ ਨਸੀਬ ਕਿ
'ਸਾਗਰ' ਮੇਰੇ ਖ਼ਾਬਾਂ ਵਿਚ
ਖ਼ਿਆਲਾਂ ਵਿਚ, ਪਰ ਫਿਰ ਵੀ ਮੈਨੂੰ
ਸਿੱਕ ਹੈ—
ਮੈਨੂੰ ਗ਼ਮ ਨਾਲ ਨਿਢਾਲ ਨੂੰ
'ਜਿੰਦੇ' ਤੂੰ ਗਲੇ ਲਗਾਏਂ
ਪਰ ਮੈਂ ਸੜ ਜਾਵਾਂ, ਕਿਉਂਕਿ ਅੱਗ ਤੇਰੀ
ਹਿੱਕ ਹੈ—
ਉਂਝ ਭਾਵੇਂ 'ਚਾਨਣਾ', ਤੇਰਾ ਜਨੂੰਨ
ਮੈਨੂੰ ਮਾਰੇਗਾ, ਪਰ ਤੇਰੀ ਫ਼ਿਤਰਤ
ਮੇਰੀ ਰੂਹ ਨਾਲ
ਇੱਕਮਿੱਕ ਹੈ—

## ਤਜਰੁਬਾ

ਅਜ ਕੱਲ ਤਾਂ ਜਦੋਂ ਦਰਦ ਬਹੁਤ ਸਤਾਵੇ
ਤਾਂ ਰੋਣ ਦੀ ਬਜਾਇ ਹਾਸਾ ਆਵੇ
ਕਿਉਂ ਜੋ, ਹਰ ਸ਼ੈਅ ਖ਼ਾਮਖ਼ਾਹ ਡੁਸਕਦੀ ਨਜ਼ਰ ਆਵੇ,
ਤੇ ਜਦੋਂ, ਜੀਅ ਰਤਾ ਖ਼ੁਸ਼ ਹੋਵੇ
ਤਾਂ ਚਿਹਰੇ ਤੇ ਅਜੀਬ ਜਹੀ ਉਦਾਸੀ ਤੇ ਗੰਭੀਰਤਾ ਲਹਿਰਾਵੇ
ਦਿਨ ਚੜ੍ਹਨ ਤੋਂ ਦਿਨ ਢਲਨ ਤੀਕ
ਸਬਰ ਬੇਇਖ਼ਤਿਆਰ ਹੋ ਹੋ ਕੇ, ਲਾਚਾਰ ਹੋ ਜਾਵੇ
ਤਾਂ ਦਿਨ ਢਲੇ ਅੱਖਾਂ, ਝਿੰਬਰਾਂ ਨਾਲ
ਯਾਦਾਂ ਦੇ ਨੱਚਣ ਕੁੱਦਣ ਲਈ
ਅਤੀਤ ਦਾ ਵਿਹੜਾ ਸਾਫ਼ ਕਰਦੀਆਂ ਨੇ
ਤਿਹਾਏ ਚੇਤਿਆਂ ਲਈ ਨਜ਼ਰ, ਅੱਖਾਂ ਦੇ ਖੂਹ ਗੇੜੇ
ਸਭ ਇੰਦਰੀਆਂ ਇਕਾਗਰ ਹੋ ਕੇ,
ਡੂੰਘੇ ਡੂੰਘੇ ਸਾਹਾਂ 'ਚ ਡੁੱਬਦੀ ਧੜਕਣ ਦਾ ਮਜ਼ਾ ਲੈਣ
ਤਾਂ ਉਦੋਂ ਤਜਰੁਬਾ ਇਹ ਹੋਵੇ
ਕਿ ਜਿਵੇਂ, ਵਜੂਦ ਰੂ-ਬ-ਰੂ ਵੀ ਹੋਣ ਤੇ
ਹਮਕਲਾਮ ਵੀ ਹੋਣ...

## ਮੈਂ ਹੰਝੂ ਹਾਂ

ਅਜੇ ਤੇਰੇ ਨੈਣਾਂ ਵਿਚੋਂ ਕਈ ਵਾਰ
ਮੈਂ ਅਸ਼ਕ ਬਣ ਕੇ ਕਿਰਨਾ ਹੈ,
ਬੂੰਦ ਬਣ ਕੇ ਤੇਰੇ ਦਰਦ ਦੀ
ਅੱਖਾਂ ਦੇ ਸਾਗਰ ਤਰਨਾ ਹੈ।

ਤੇਰੀਆਂ ਸੋਚਾਂ ਵਿਚ ਜਿਸ ਪਲ
ਯਾਦਾਂ ਦਾ ਫੁੱਟਦਾ ਝਰਨਾ ਹੈ,
ਬਸ ਉਹੀ ਘੜੀ ਅਜ਼ੀਜ਼ ਮੈਨੂੰ
ਮੈਂ ਸਾਰਾ ਵਕਤ ਕੀ ਕਰਨਾ ਹੈ ?

ਤੇਰੀ ਇਕੱਲਤਾ 'ਚ ਸਾਥੀ ਹਾਂ
ਰੱਜ ਕੇ ਮੈਨੂੰ ਵਹਿਣ ਦੇਵੀਂ,
ਮੈਂ ਡਿੱਗ ਕੇ ਨਹੀਂ ਜ਼ਖਮੀ ਹੋਣਾ
ਤੇ ਤੂੰ ਹਰ ਹਾਲ 'ਚ ਉਠਣਾ ਹੈ।

ਗ਼ਮ 'ਚ ਮੈਨੂੰ ਸ਼ਰੀਕ ਕਰੀਂ
ਬੇਤਕੱਲੁਫ ਆਉਣ ਦੇਵੀਂ,
ਤੇਰੇ ਦਾਮਨ ਵਿਚ ਸਮਾ ਕੇ
ਮੈਂ ਇਕ ਦੋ ਪਲ ਠਰਨਾ ਹੈ।

ਕੌੜਾ ਘੁੱਟ ਨਾ ਰੱਖੀਂ ਕਦੇ
ਮੈਨੂੰ ਖ਼ਾਕ 'ਚ ਰੋਲ ਦੇਵੀਂ,
ਮੇਰਾ ਹੋਣਾ ਨਾ ਹੋਣਾ ਇਕੋ ਜਿਹਾ
ਮੈਨੂੰ ਸਾਂਭ ਕੇ ਤੂੰ ਕੀ ਕਰਨਾ ਹੈ ?

ਤੂੰ ਮੈਨੂੰ ਕਦੀ ਵੀ ਜੋੜੀਂ ਨਾ
ਜੁੜ ਕੇ ਮੈਂ ਜ਼ਹਿਰ ਬਣ ਜਾਣਾ,
ਫਿਰ ਜਨੂਨ ਦਾ ਸੱਪ ਬਣ ਕੇ
ਤੈਨੂੰ ਸਾਰੀ ਹਯਾਤੀ ਲੜਣਾ ਹੈ ।

ਗ਼ਮ ਦੀ ਥਾਂ ਖੁਸ਼ੀ ਬਣ ਕੇ
ਮੈਨੂੰ ਕਦੇ ਛਲਕਣ ਦੇਵੀਂ,
ਹਰ ਇਕ ਮੌਕੇ ਤੇਰੇ ਲਈ
ਮੈਂ ਥੋੜਾ ਬਹੁਤਾ ਵਰ੍ਹਣਾ ਹੈ ।

ਜਦ ਕਦੀ ਤਨਹਾਈ ਵਿਚ
ਤੂੰ ਅੱਖੋਂ ਮੈਨੂੰ ਪੂੰਝੇਗਾ,
ਉਹੀ ਮੌਤ ਮੇਰੀ ਮੌਤ ਹੈ
ਮੈਂ ਹੋਰ ਕਿਸ ਤਰ੍ਹਾਂ ਮਰਨਾ ਹੈ ?...

## ਤੇਰੇ ਤੋਂ ਬਿਨਾਂ

ਇਹ ਸੱਚ ਹੈ ਕਿ
ਮੈਂ ਕਦੇ ਸੋਚਿਆ ਸੀ
ਕਿ ਮੇਰਾ ਤੇਰੇ ਸਿਵਾ ਕੋਈ ਨਹੀਂ,
ਪਰ, ਤੇਰੇ ਸਿਵਾ ਤਾਂ ਮੇਰਾ ਬਹੁਤ ਕੁਝ ਹੈ—
ਯਾਦਾਂ ਦੇ ਪਟੋਲੇ, ਖ਼ਾਬਾਂ ਦੇ ਘਰ
ਮਹਿਕਦੇ ਰੋਸੇ, ਤਰਸੇਵੇਂ, ਉਦਰੇਵੇਂ,
ਚਾਨਣੀ ਦੇ ਗੀਤ, ਮੰਜ਼ਿਲ ਦਾ ਮੋਹ
ਪਿਆਰ ਕਰਨ ਵਾਲੇ ਨਾਤੇ
ਨਿੱਘੀਆਂ ਜ਼ਿੰਮੇਵਾਰੀਆਂ...
ਇਕ ਤਲਾਸ਼, ਇਕ ਭਟਕਨਾ, ਮ੍ਰਿਗ ਤ੍ਰਿਸ਼ਨਾ
ਹੁਣ ਇਹ ਸਭ ਮੇਰੇ ਨੇ, ਇਕ ਤੇਰੇ ਸਿਵਾ...
ਪਿਆਰ ਬਦਲਾ ਨਹੀਂ ਮੰਗਦਾ
ਪਰ ਤੂੰ ਹਮੇਸ਼ਾਂ 'ਬਦਲਾ' ਮੰਗ ਕੇ
ਖ਼ੁਦ ਨੂੰ ਕਮਜ਼ੋਰ ਕੀਤਾ ਹੈ
ਕਬਜ਼ਾ ਕਾਇਰ ਕਰਦੇ ਨੇ, ਬਹਾਦੁਰ ਹਮੇਸ਼ਾਂ ਉਲਫਤ ਨੂੰ
ਅਜ਼ਾਦ ਰੱਖਦੇ ਨੇ
ਸਾਲਾ ! ਤੂੰ ਅਜ਼ਾਦੀਆਂ ਮਾਣੀ
ਪਰ ਯਕੀਨ ਜਾਣੀਂ, ਕਿ ਮੈਂ ਤੈਨੂੰ ਹਮੇਸ਼ਾਂ ਇਕ ਪਲ ਵਿਚ
ਇਕ ਉਮਰ ਦੇ ਬਰਾਬਰ ਚਾਹਿਆ ਹੈ
ਸੱਚ ਨੂੰ ਪਾਇਆ ਹੈ
ਤੇ ਇਹ ਤੇਰੇ ਵੱਸ ਦੀ ਗੱਲ ਨਹੀਂ
ਤੈਨੂੰ ਤਾਂ ਪਿਆਰ ਕਰਨ ਦਾ, ਵੱਲ ਹੀ ਨਹੀਂ—

## ਜਦੋਂ ਵੀ ਉਸ ਮੇਰੇ ਕੋਲ ਆਉਣਾ ਹੁੰਦਾ ਹੈ...

ਉਹ ਬਹੁਤ ਅਜੀਬ ਹੈ,
ਜਦੋਂ ਵੀ ਉਸ ਨੇ ਮੇਰੇ ਕੋਲ
ਆਉਣਾ ਹੁੰਦਾ ਹੈ
ਤਾਂ ਸਾਰੀ ਦੁਨੀਆਂ ਦੇ ਰੰਗ ਹੰਢਾ ਕੇ
ਪਿਆਰ ਹੰਢਾ ਕੇ
ਉਹ ਪਾਸੇ ਰੱਖ ਦੇਵੇ ਤੇ ਰੂਪ ਵਟਾ ਕੇ
ਖ਼ਾਲੀ ਖ਼ਾਲੀ ਅੱਖਾਂ ਨਾਲ ਮੇਰੇ ਵੱਲ ਵੇਖੇ
ਤੇ ਆਖੇ...
'ਮੇਰੀਆਂ ਅੱਖਾਂ 'ਚ ਪਿਆਰ ਵੀ ਭਰ ਦੇ
ਰੰਗ ਵੀ ਭਰਦੇ, ਤੇ ਮੈਨੂੰ ਆਪਣੇ ਵਰਗਾ ਕਰਦੇ'
ਉਹ ਬਹੁਤ ਸ਼ਾਤਿਰ ਹੈ,
ਮੇਰੇ ਨਾਲ ਵਟਾਇਆ ਛੱਲਾ
ਜੋ ਉਸ ਨੇ ਉਤਾਰ ਛੱਡਿਆ ਹੈ ਕਿਤੇ,
ਮੇਰੇ ਕੋਲ ਆਣ ਵੇਲੇ ਪਾ ਲਵੇ
ਤੇ ਆਖੇ...
'ਮੇਰੇ ਤੇ ਯਕੀਨ ਕਰਿਆ ਕਰ,
ਨਾ ਡਰਿਆ ਕਰ'
ਉਹ ਬਹੁਤ ਵੱਖਰਾ ਹੈ,
ਕਦੇ ਛੱਡ ਜਾਵੇ ਤੇ, ਕਦੇ ਪਰਤ ਆਵੇ

ਪਰ ਜਦੋਂ ਵੀ ਉਹ ਮੇਰੇ ਕੋਲ ਆਵੇ
ਪਹਿਲਾਂ ਮਾਰੇ, ਫਿਰ ਗੱਲ੍ਹ ਨਾਲ ਲਾਵੇ
ਤੇ ਮੈਂ ਗੋਲੇ ਕਬੂਤਰ ਵਾਂਗ
ਸਾਹਮਣੇ ਬਿੱਲੀ ਆਉਂਦੀ ਵੇਖ
ਅੱਖਾਂ ਮੀਟ ਲਵਾਂ
ਤੇ ਸ਼ਿਕਾਰ ਬਣ ਜਾਵਾਂ
ਪਰ ਜਦੋਂ ਕਦੇ ਮੈਂ, ਉਸ ਕੋਲ ਜਾਣਾ ਹੁੰਦਾ ਹੈ
ਤਾਂ ਮੈਨੂੰ ਉਹਦਾ ਕਿਆਮ ਨਹੀਂ ਲੱਭਦਾ
ਮਕਾਮ ਨਹੀਂ ਲੱਭਦਾ
ਤੇ ਮੈਨੂੰ ਉਹਦੇ ਬਾਰੇ
ਕੋਈ ਕੁਝ ਨਹੀਂ ਦੱਸਦਾ...

## ਉਪਾਅ

ਅੜਿਆ ਤੂੰ ਮੇਰੀ ਮੜੀ ਤੇ
ਦੀਵਾ ਤਾਂ ਬਾਲ ਦੇਵੀਂ,
ਗਾ ਗਾ ਕੇ ਮਿੱਠੀਆਂ ਲੋਰੀਆਂ
ਮੇਰੀ ਰੂਹ ਸੁਆਲ ਦੇਵੀਂ ।
ਜੇ ਮੇਰੀ ਰੂਹ ਤੜਫ ਕੇ ਉਠੇਗੀ
ਤੈਨੂੰ ਪਿਆਰ ਕਰਨ ਲਈ,
ਸੱਦ ਲਵੀਂ ਕੋਈ ਤਾਂਤਰਿਕ
ਤੇ ਉਪਾਅ ਕਰਾ ਲਵੀਂ ।
ਮੈਂ ਮਰ ਕੇ ਵੀ ਵੇਖੀਂ ਤੇਰੇ ਹੀ
ਬੂਹੇ ਤੇ ਦਸਤਕ ਦੇਣੀ ਹੈ,
ਤੂੰ ਪਾ ਲਵੀਂ ਤਾਵੀਜ਼ ਕੋਈ
ਪਹਿਰੇਦਾਰ ਬਿਠਾ ਲਵੀਂ ।
ਰਾਤਾਂ ਦੀ ਸੁੰਨਮਸੁੰਨੀ ਵਿਚ
ਮੈਂ ਤੈਨੂੰ ਚੀਕਾਂ ਮਾਰ ਕੇ ਰੋਣਾ ਹੈ,
ਤੂੰ ਰੂੰ ਪਾ ਲਵੀਂ ਕੰਨਾਂ ਵਿਚ
ਤੇ ਗੁੱਗਲ ਧੁਖਾ ਲਵੀਂ,
ਸੁੱਤੇ ਪਿਆਂ ਤੇਰੇ ਦਾਮਨ ਤੇ
ਮੇਰੇ ਖ਼ੂਨ ਦੇ ਛਿੱਟੇ ਡਿੱਗਣਗੇ,
ਸੱਦ ਲਵੀਂ ਓਝਾ ਕੋਈ
ਤੇ ਹਵਨ ਕਰਵਾ ਲਵੀਂ ।

## ਤਲਿਸਮ

ਅੱਜ ਸੁਫਨੇ ਵਿਚ ਮੈਂ,
ਗੁਲਾਬੀ, ਪੀਲੇ ਤੇ ਚਿੱਟੇ ਗੁਲਾਬ
ਨਜ਼ਰ ਦੀ ਹੱਦ ਤੱਕ ਖਿੜੇ ਵੇਖੇ
ਜਿਨਾਂ ਦੇ ਲਾਗੇ ਬਹਿ ਕੇ ਤੂੰ, ਮੇਰਾ ਹੱਥ ਫੜ ਕੇ
ਤਰਸ ਖਾ ਕੇ ਕਿਹਾ, 'ਤੇਰੇ ਭਾਗ ਬੜੇ ਮਾੜੇ ਨੇ'
ਤੇ ਮੈਂ—ਤੇਰੀ ਜਫਾ ਦੀ ਡੂੰਘਾਈ ਤੋਂ ਅੰਞਾਣ
ਕਿਹਾ, 'ਵੇਖ ਫੁੱਲ ਖਿੜੇ ਨੇ ਕਿੰਨੇ ਸਾਰੇ'
ਫਿਰ ਤੂੰ ਮੇਰੇ ਕਾਲੇ ਖੁੱਲ੍ਹੇ ਵਾਲਾਂ ਨੂੰ ਵੇਖ ਕੇ
ਆਪਣੀ ਬੇਵਫਾਈ ਤੇ ਬਹੁਤ ਰੋਇਆ
ਮੈਂ ਪੁਛਿਆ, 'ਕੀ ਹੋਇਆ...
ਮੈਂ ਤਾਂ ਸਿਰਫ ਵਫ਼ਾ ਮੰਗੀ ਸੀ ਥੋੜੀ ਜਿਹੀ
ਹੋਰ ਕੁਝ ਨਹੀਂ
ਨਾ ਤੇਰਾ ਸਾਥ, ਨਾ ਜਿਸਮ,
ਬਸ ਥੋੜਾ ਜਿਹਾ ਸੱਚ ਮੰਗਿਆ ਸੀ'
ਪਰ ਤੂੰ ਅੱਜ ਤੀਕ ਆਪਣਾ ਫਰੇਬ ਹੀ,
ਮੇਰੇ ਨਾਲ ਵੰਡਿਆ ਸੀ
ਪਰ ਮੈਨੂੰ ਧੋਖਾ ਦੇਣਾ ਵੀ, ਤੇਰਾ ਹੱਕ ਬਣਦਾ ਸੀ
ਕਿਉਂ ਜੋ ਸਾਡੇ ਸਮਾਜੀ ਮਿਆਰ,
ਬਹੁਤ ਵੱਖਰੇ ਤੇ ਔਖਰੇ ਨੇ
ਤੇ ਤੇਰੇ ਤਲਿਸਮ ਨੇ ਬੜਾ ਜ਼ੁਲਮ ਕਮਾਇਆ

ਤੇਰਾ ਭੇਤ ਪਾ ਵੀ ਲਿਆ, ਤੇ ਨਹੀਂ ਵੀ ਪਾਇਆ
ਮੈਂ, ਤੇਰੇ ਪੱਲੇ ਪੈ ਚੂੰਕੇ ਸੁਫਨੇ, ਤੇਰੇ ਗਰਦ ਨਾਲ ਭਰੇ ਹੱਥ
ਤੇਰੇ ਦਲਦਲ 'ਚ ਫਸੇ ਪੈਰ, ਤੇਰੇ ਥੱਕ ਚੂੰਕੇ ਅੰਗ
ਤੇਰੇ ਚਿਹਰੇ ਦੇ ਰੰਗ, ਤੇਰੀਆਂ ਅੱਖਾਂ ਦੇ ਕੋੜ੍ਹ
ਆਪਣੇ ਹੰਝੂਆਂ ਨਾਲ ਧੁਆਏ ਨੇ
ਆਪਣੀ ਜ਼ਿੰਦਗੀ ਦੇ ਕਈ ਸਾਲ, ਕਈ ਪਲ
ਤੈਨੂੰ ਚੂਰੀ ਵਾਂਗ ਖੁਆਏ ਨੇ
ਪਰ ਨਾ ਤੇਰੀ ਭੁੱਖ ਮਿੱਟਦੀ ਏ,
ਤੇ ਨਾ ਮੇਰੀ ਉਮਰ ਮੁੱਕਦੀ ਏ
ਤੂੰ ਮੈਨੂੰ ਕਿੰਨੀ ਵਾਰ ਅਜ਼ਮਾਇਆ
ਤੇ ਹਰ ਆਜ਼ਮਾਇਸ਼ ਤੇ ਤੈਨੂੰ,
ਡਾਹਢਾ ਦੁੱਖ ਹੋਇਆ
ਕਿਉਂਕਿ ਹਰ ਵਾਰ ਤੂੰ ਮੈਨੂੰ
'ਬਾਵਫ਼ਾ' ਪਾਇਆ

## ਸਫ਼ਰ

ਜੁਸਤਜੂ ਦਾ ਸਫ਼ਰ ਤਾਂ
ਉਲਫ਼ਤ ਤੋਂ ਲੈ ਕੇ
ਇਬਾਦਤ ਤੱਕ ਦਾ ਹੁੰਦਾ ਏ
ਤੇ ਹੁਣ, ਇਹ ਸਫ਼ਰ ਤੈਅ ਕਰਕੇ
ਮੇਰੀ 'ਇਬਾਦਤ' ਮੈਨੂੰ
ਹਿਮਾਕਤ ਜਾਪਦੀ ਏ—
ਨਜ਼ਰ ਦੇ ਭਿੱਜੇ ਮੌਸਮਾਂ 'ਚ
ਮੈਂ ਜਦੋਂ ਵੀ 'ਇੰਤਜ਼ਾਰ' ਤੇ 'ਹਿਜਰ' ਦਾ
ਫ਼ਰਕ ਲੱਭਿਆ
ਤਾਂ ਅੱਖਾਂ ਨੇ ਆਪਣੇ ਖੂਹ
ਗੇੜ ਛੱਡੇ
ਰੂਹ ਨੇ ਕਿੰਨੇ ਗ਼ਮ ਸਹੇੜ ਛੱਡੇ
ਤੇ ਹੁਣ ਮੈਂ
'ਇੰਤਜ਼ਾਰ' ਤੇ 'ਹਿਜਰ'
ਦੋਵੇਂ ਨਿਬੇੜ ਛੱਡੇ ਨੇ—
'ਇੰਤਜ਼ਾਰ' ਵਿਚ 'ਹਿਜਰ' ਤਾਂ
ਮੁੱਕ ਜਾਵੇ
ਪਰ 'ਹਿਜਰ' ਵਿਚ, ਇੰਤਜ਼ਾਰ ਦਰ ਇੰਤਜ਼ਾਰ...
ਤੇ ਇਹ ਆਤਿਸ਼ ਕਦੇ
ਇਖ਼ਤਦਾਮ ਨੂੰ ਨਹੀਂ ਅਪੜੀ
ਬੇਖ਼ੁਦੀ ਤੇ ਬੇਇਖ਼ਤਿਆਰੀ ਹੰਢਾਉਣ
ਤੋਂ ਬਾਦ

ਇਹ ਕਿਹੜਾ ਮਕਾਮ ਏ
ਕਿ ਸ਼ਰਮਸਾਰ ਜਹੀ 'ਹਯਾਤੀ' ਤੇ
ਹੋਰ ਪਿਆਰ ਆਵੇ
ਬੇਵਫ਼ਾ ਨਾਲ ਵਫ਼ਾ
ਤੇ ਖ਼ੁਦੀ ਨਾਲ ਜ਼ਫ਼ਾ
ਕਰਨ ਨੂੰ ਜੀਅ ਕਰੇ.
ਇਹ ਤਾਂ ਮੇਰੇ ਇਖ਼ਲਾਕ ਦੀ ਇੰਤਹਾ
ਹੈ ਕਿ
ਦੋਸਤਾਂ ਨੇ ਮੇਰੀ 'ਖਾਮੋਸ਼ੀ' ਨੂੰ
ਗੁਨਾਹਗਾਰ ਆਖਿਆ ਏ,
ਤੇ ਮੈਨੂੰ ਉਨ੍ਹਾਂ ਦਾ ਹਰ ਇਲਜ਼ਾਮ
ਮੁਹੱਬਤ ਦਾ ਮਿੱਠਾ ਸਿਲ੍ਹਾ
ਜਾਪਿਆ ਹੈ—

## ਪੱਥਰ

ਮੈਂ ਤਾਂ ਜਿਵੇਂ ਇਕ ਪੱਥਰ ਹਾਂ
ਜਿੰਨ੍ਹੂ ਹਰ ਕੋਈ ਠੋਕਰ ਮਾਰਦਾ ਹੈ
ਉਸ ਮਾਰੀ ਸੀ, ਇੰਨੇ ਮਾਰੀ ਹੈ ਤੇ
ਤੂੰ ਵੀ ਮਾਰ ਦਿੱਤੀ
ਮੈਂ ਤੇ ਉਹ ਹਰਗਿਜ਼ ਨਹੀਂ
ਜੋ ਅਹਿਸਾਸਾਂ ਨੂੰ ਜ਼ਖ਼ਮੀ ਕਰੇ
ਮੈਂ ਪਰ, ਉਹ ਹਾਂ ਜਿਸ ਨਾਲ
ਨਿੱਕਾ-ਵੱਡਾ ਹਰ ਕੋਈ ਖੇਡੇ
ਕਾਸ਼ ! ਮੇਰੇ ਦੁਆਲੇ ਇਕ ਚਿੱਟਾ ਘੇਰਾ ਬਣਿਆ ਹੁੰਦਾ
ਤਾਂ ਕਿਸੇ ਪਿਆਰ ਕਰਨ ਵਾਲੇ ਨੇ
ਮੈਨੂੰ 'ਸ਼ਿਵਜੀ ਦਾ ਪੱਥਰ' ਸਮਝ
ਆਪਣੇ ਕੋਲ ਸਾਂਭ ਲੈਣਾ ਸੀ —

## ਐ ਜ਼ਮਾਨੇ

ਦੁਖਦੀ ਰਗ ਤੇ ਹੱਥ ਰੱਖੇਂ, ਨਾਲੇ ਆਖੇਂ ਮੁਸਕੁਰਾ
ਦੋ ਮੂਹੀਏ ਜ਼ਮਾਨੇ ਤੇਰੀ, ਸਮਝ ਨਾ ਆਵੇ ਅਦਾ
ਬੇਬੱਸੀ ਜੁਰਮ ਹੈ, ਤੇ ਜ਼ਿੰਦਗੀ ਬੇਵਜਾਹ
ਪੱਥਰ ਦੇ ਖ਼ੁਦਾ ਅੱਗੇ, ਫਜ਼ੂਲ ਹੈ ਇਲਤਜਾਹ
ਮੰਜ਼ਿਲ ਨੂੰ ਵੀ ਪਾਣ ਦਾ, ਕੈਸਾ ਹੈ ਸ਼ੁਦਾਅ
ਰਹਿਬਰ ਦੀ ਤਲਾਸ਼ 'ਚ, ਗੁਆਚੇ ਰਹੇ ਸਦਾ—
ਹੈ ਤਨਜ਼ ਦੇ ਪੈਮਾਨਿਆਂ 'ਚ ਹਮਦਰਦੀ ਬੇਪਨਾਹ
ਹਰ ਵਾਰ ਮੁਸਕੁਰਾਏ ਅਸੀਂ, ਹੋ ਕੇ ਗ਼ਮਜ਼ਦਾ

## ਯਾਦਾਂ ਦੀ ਮਹਿਕ

ਮੱਸਿਆ ਦੀ ਸਿਆਹ ਰਾਤ 'ਚ
ਮੈਂ ਗੱਲ ਕਰਾਂ ਮਹਿਤਾਬਾਂ ਦੀ
ਅੱਜ ਮਹਿਕ ਆ ਰਹੀ ਹੈ
ਮੇਰੇ ਹੰਝੂਆਂ ਚੋਂ ਯਾਦਾਂ ਦੀ .

ਤੇਰੇ ਹੋਠਾਂ ਦੇ ਗੁਲਾਬਾਂ ਤੋਂ
ਮੈਂ ਸ਼ਬਨਮੀ ਪੈਗਾਮ ਲਵਾਂ
ਤੇਰੀ ਅੱਖ ਦੀ ਸ਼ਰਾਬ ਚੋਂ
ਮੈਂ ਖੁਸ਼ਬੂ ਦਾ ਜਾਮ ਪੀਵਾਂ...

ਤੇਰੀ ਬੱਬਾ ਕੁ ਜ਼ੁਲਫ਼ਾਂ ਦੀ
ਰਾਤ ਨੂੰ ਮੈਂ ਪਿਆਰ ਕਰਾਂ
ਪੱਥਰ ਦੇ ਮੁਜੱਸਮੇ ਨੂੰ
ਮੈਂ ਕਾਫ਼ਿਰ ਖੁਦਾ ਕਹਾਂ...

## ਅਸੀਂ ਵਿਛੜ ਨਹੀਂ ਸਕਦੇ

ਪਿਆਰ ਆਪਣਾ ਚਾਨਣ ਵਰਗਾ
ਪਾਕ ਹੈ, ਜੱਗ ਦੇ ਖਿਆਲ
ਚਾਨਣ ਵਰਗੇ ਨਿੱਖਰ ਨਹੀਂ ਸਕਦੇ—
ਅੱਖਾਂ ਤੋਂ ਰੌਸ਼ਨੀ ਜਾ ਸਕਦੀ ਹੈ
ਪਰ, ਪਾਣੀ ਡੰਡਾ ਮਾਰਿਆਂ
ਕਦੀ, ਨਿਖੜ ਨਹੀਂ ਸਕਦੇ—
ਮੰਜ਼ਿਲ ਨੂੰ ਗਲੇ ਲਾਉਣ ਲਈ
ਵਕਤ ਦੀ ਦੌੜ 'ਚ, ਇੰਨੀ ਲਾਗੇ
ਪਹੁੰਚ ਕੇ, ਅਸੀਂ ਪਿੱਛੜ ਨਹੀਂ ਸਕਦੇ—
ਨਾ ਸੋਚਿਆ ਕਰ ਬਹੁਤਾ ਜੁਦਾਈ
ਬਾਰੇ, ਅਸੀਂ ਦੂਰ ਹੋ ਸਕਦੇ ਹਾਂ
ਪਰ, ਕਦੀ ਵਿਛੜ ਨਹੀਂ ਸਕਦੇ—

## ਪਿਆਰ ਨਿਰੀ ਬਕਵਾਸ

ਚੁੱਪ ਤੋਂ ਤਲਖ਼ੀ ਤੱਕ ਦਾ
ਸਫ਼ਰ ਕਰਦਿਆਂ,
ਕਲੇਸ਼ ਦੇ ਕੰਨ ਪਾਟਵੇਂ ਸ਼ੋਰ ਤੋਂ
ਭਰੇ ਪੀਤੇ ਬੱਦਲ ਦੀ ਖ਼ਾਮੋਸ਼ੀ
ਵਾਂਗ ਵਕਤ ਗੁਜ਼ਾਰਦਿਆਂ,
ਮੇਰੀ ਫਿਲਾਸਫੀ ਹੰਭ ਗਈ ਏ
ਜੋ ਕਿਸੇ ਨੂੰ ਪਿਆਰ ਨਾ ਸਿਖਾ ਸਕੀ
ਕਿਹੜਾ ਪਾਗਲ ਆਖਦਾ ਏ
ਕਿ ਪਿਆਰ ਹਰ ਮਸਲੇ ਦਾ ਹਲ, ਏ
ਨਿਰੀ ਬਕਵਾਸ
ਇਹ ਤਾਂ ਨਿਰਾ ਛੱਲ ਏ—
ਸਾਰੇ ਸਿਆਪਿਆਂ ਦੀ ਜੜ੍ਹ ਇਹੀ
ਕਿਸੇ ਰਿਸ਼ਤੇ 'ਚ, ਮੋਹ ਨਹੀਂ ਹੁੰਦਾ
ਯਕੀਨ ਨਹੀਂ ਹੁੰਦਾ, ਹਰ ਵੇਲੇ ਤਿਰਸਕਾਰ
ਅਪਣੀ ਅਪਣੀ 'ਮੈਂ' ਦੇ ਸਭ ਬੀਮਾਰ—
ਕਿਸੇ ਦੀ ਉਂਗਲੀ ਅੱਗ ਨਾਲ
ਮੇਰੇ ਅਹਿਸਾਸ ਦਾ ਦਾਮਨ, ਸੜਦਾ ਨਹੀਂ
ਪਰ ਅੱਗ ਬੁਝਾਣੋਂ, ਡਰਦਾ ਵੀ ਨਹੀਂ—

ਹਾੜਾ ! ਸਭ ਅੱਗ ਖਾਂਦੇ ਨੇ, ਅੱਗ ਪੀਂਦੇ ਨੇ
ਅੱਗ ਹੰਢਾਂਦੇ ਨੇ—
ਤੇ ਮੈਂ, ਬਰਫਾਂ 'ਚ ਫੁੱਲ ਖਿੜਾਉਣ ਦੇ ਖ਼ਾਬ ਲਵਾਂ
ਤੇ ਸਭ ਦੀ 'ਜ਼ਿੱਦ' ਦਾ, ਸਰਾਪ ਲਵਾਂ—
ਮੇਰੀ ਸੋਚ; ਸਹਿਮਤੀਆਂ ਦੇ ਸੁਫਨੇ ਲੈਂਦੀ ਲੈਂਦੀ
ਹਫ ਗਈ ਏ, ਥੱਕ ਗਈ ਏ
ਤੇ ਹੁਣ ਮੇਰੇ ਕੋਲ, ਡੁੱਬਦੇ ਨੂੰ ਤਿਨਕੇ ਵਰਗਾ
ਸਹਾਰਾ ਵੀ ਨਹੀਂ
ਨਫਰਤਾਂ ਦੇ ਖੌਲਦੇ, ਸਾਗਰ ਦਾ
ਕੋਈ ਕਿਨਾਰਾ ਨਹੀਂ...

## ਟੂਣਾ

ਮੇਰੀਆਂ ਸੋਚਾਂ ਦੀ ਪੈੜ ਤੇ
ਵਕਤ ਬਾਰ ਬਾਰ ਕਿਉਂ
ਟੂਣਾ ਕਰ ਰਿਹਾ ਹੈ,
ਮੇਰਾ ਸਬਰ ਸਲੀਬ ਤੇ ਚੜ੍ਹਕੇ
ਤਕਦੀਰ ਦੀਆਂ
ਸਾਜ਼ਿਸ਼ਾਂ ਜਰ ਰਿਹਾ ਹੈ,
ਚੰਦਰਾ ਦਿਲ ਰੂਹ ਵਿਚ
ਗ਼ਮ ਦਾ, ਜ਼ਹਿਰੀਲਾ ਮਵਾਦ
ਭਰ ਰਿਹਾ ਹੈ,
ਤੇ ਮੇਰੇ ਹੱਥ ਦਾ ਨਹੁੰ ਬਾਰ ਬਾਰ
ਮੱਥੇ ਦਾ ਮਾਸ ਖੁਰਚ ਕੇ
ਜ਼ਖ਼ਮ ਕਰ ਰਿਹਾ ਹੈ,
ਵਿਆਜ ਸਮੇਤ ਹਾਦਸਿਆਂ ਨੂੰ
ਵਾਪਸ ਵੀ ਨਹੀਂ ਲੈ ਲਿਆ
ਨਾ ਜਾਣੇ ਰੱਬ ਮੈਥੋਂ ਕਿਹੜਾ
ਹਰਜਾਨਾ ਭਰ ਰਿਹਾ ਹੈ,

ਇਜ਼ਤਾਂ ਨੂੰ ਸਾਂਭਦਿਆਂ
ਡਾਢੀ ਜ਼ਿੱਲਤ ਹੋ ਗਈ
ਅਹਿਸਾਸ ਨਿੰਮੋਝੂਣਾ ਜਿਹਾ
ਖ਼ੁਦ ਤੋਂ ਡਰ ਰਿਹਾ ਹੈ,
ਦੰਦ ਮੇਰੇ ਬਾਰ ਬਾਰ, ਮੇਰਾ ਮੂੰਹ
ਜ਼ਖ਼ਮੀ ਕਰਦੇ ਨੇ, ਹੋਠਾਂ ਤੇ
ਗੀਤ ਗਾਣ ਦਾ, ਇਲਜ਼ਾਮ
ਧਰ ਲਿਆ ਹੈ,
ਪਤਾ ਨਹੀਂ ਕੀ ਟੁੱਟ ਕੇ
ਨਜ਼ਰ 'ਚ ਰੜਕਦਾ ਹੈ
ਹਰ ਆਸ਼ਕ ਅੱਖਾਂ ਦੇ ਕੋਇਆਂ 'ਚ
ਮਿਰਚਾਂ ਵਾਂਗ ਚਰ ਰਿਹਾ ਹੈ...

## ਜੂਠੀ ਅੱਖ

ਅੱਜ ਦੇ ਦਿਨ 'ਮੇਰੀ ਅੱਖ'
ਫਿਰ ਤੈਨੂੰ ਲੱਭ ਰਹੀ ਏ
ਤੇ ਭੀੜਾਂ ਚੀਰਦੀ, ਥੱਕ ਗਈ ਏ—
ਤੈਨੂੰ ਕਿਥੇ ਲੱਭਾਂ ਤੇ ਕਿਵੇਂ ਦੱਸਾਂ
ਕਿ 'ਅੱਜ ਉਹੀ ਤਾਰੀਖ਼ ਹੈ
ਜਿਸ ਦਿਨ ਤੂੰ ਮੇਰੀ ਕੋਰੀ ਰੂਹ ਤੇ
ਅਪਣੇ ਹਸਤਾਖ਼ਰ ਕੀਤੇ ਸੀ
ਤੇ 'ਮੇਰੀ ਅੱਖ' ਦੇ ਹੰਝੂ
ਤੇਰੀ ਵੱਖੀ' ਨੇ ਪੀਤੇ ਸੀ—
ਜਦੋਂ ਮੈਂ ਤੈਨੂੰ ਆਪਣੀਆਂ
ਲਿਖਤਾਂ ਦਾ ਉਨਵਾਨ ਦੱਸਿਆ ਸੀ
ਤਾਂ ਤੇਰਾ ਕਾਫ਼ਿਰ ਪਿਆਰ
ਮੇਰੀ ਬੇਚਾਰਗੀ ਤੇ ਹੱਸਿਆ ਸੀ—
ਤੂੰ ਤਾਂ ਮੇਰੇ ਤੇ ਤਰਸ ਕੀਤਾ ਸੀ
ਤੇ ਮੈਂ...ਸੱਚ ਸਮਝ ਲੀਤਾ ਸੀ—
ਮੇਰੀ ਅੱਖ ਨੇ ਤੇਰੀ ਮਿਠਾਸ ਵੀ ਵੇਖੀ
ਤੇ ਕੁੜੱਤਣ ਵੀ ਚੱਖੀ ਹੈ—
ਜਦੋਂ ਤੂੰ ਜ਼ਿੰਦਗੀ ਦਾ ਹਰ ਰੰਗ ਮਾਣੇ

ਤਾਂ 'ਮੇਰੀ ਅੱਖ', ਅਹਿਸਾਸ ਦੇ
ਦਾਇਰੇ 'ਚ ਤੇਰੀ ਰਾਖੀ ਕਰੇ
ਪਰ ਤੂੰ ਮੇਰੀ ਅੱਖ ਤੇ ਹੱਥ ਰੱਖ ਕੇ
ਮੇਰੀ ਭਾਸ਼ਾ ਤੇ ਮੇਰੀ ਸੋਚ 'ਚ
ਸ਼ਾਮਿਲ ਹੋ ਕੇ
ਮਾਸੂਮ ਖ਼ਾਬਾਂ ਦੇ ਪੰਛੀਆਂ ਨੂੰ
ਵਿੰਨ੍ਹ ਦਿੱਤਾ
ਤੇ ਅੱਜ ਉਹੀ ਤਾਰੀਖ਼ ਹੈ, ਜਦੋਂ ਮੈਂ ਤੈਨੂੰ
ਅਪਣੀ ਅੱਖ 'ਚ, ਖ਼ਾਬਾਂ ਦੇ ਪੰਛੀ
ਪਰੋਸ ਕੇ ਦਿੱਤੇ ਸਨ
ਤੇ ਉਦੋਂ ਤੋਂ ਮੇਰੀ ਅੱਖ,
ਤੇਰੀ ਜੂਠੀ ਥਾਲੀ
ਜਿਨ੍ਹੂੰ ਤੇਰੇ ਹੰਝੂ ਵੀ ਨਹੀਂ ਧੋ ਸਕਦੇ...

o